
ਰਾਜਿੰਦਰ ਪਰਦੇਸੀ ਮੂਲ ਰੂਪ ਵਿਚ ਗ਼ਜ਼ਲਗੋ ਹੈ। ਗ਼ਜ਼ਲਕਾਰੀ ਉਸਦੇ ਰੋਮ ਰੋਮ ਵਿਚ ਰਚੀ ਹੋਈ ਹੈ। ਸ਼ਬਦ ਅਤੇ ਸਰਗਮ ਦੇ ਰਿਸ਼ਤੇ ਨੂੰ ਬਹਿਰ-ਵਜ਼ਨ ਵਿਚ ਰਮਾ ਕੇ ਆਪਣੀ ਗੱਲ ਕਹਿਣ ਦਾ ਵਲ ਜਿਨ੍ਹਾਂ ਕਵੀਆਂ ਨੂੰ ਆਉਂਦਾ ਹੈ ਉਨ੍ਹਾਂ ਵਿਚ ਪਰਦੇਸੀ ਪੇਸ਼ ਪੇਸ਼ ਹੈ। ਗ਼ਜ਼ਲ ਅਤੇ ਗੀਤ ਦੀ ਵਿਧਾ ਦੇ ਨਾਲ ਨਾਲ ਚਲਦਾ ਉਹ ਤੋਲ-ਤੁਕਾਂਤ ਵਾਲੀ ਸ਼ਾਇਰੀ ਦੇ ਉਨ੍ਹਾਂ ਮੁਦੱਈਆਂ ਨਾਲ ਕਦਮ ਮੇਲ ਮੇਲ ਕੇ ਇਸ ਤਰ੍ਹਾਂ ਚਲਿਆ ਹੈ ਕਿ ਉਸਨੂੰ ਇਸ ਕਾਫ਼ਲੇ ਨਾਲੋਂ 'ਵਿੱਥ' ਉੱਤੇ ਖੜ੍ਹੇ ਵੇਖਣਾ ਕੁਝ ਮੁਸ਼ਕਿਲ ਪ੍ਰਤੀਤ ਹੋ ਰਿਹਾ ਹੈ। ਪਰ ਉਹ ਆਪਣੇ ਇਸ ਨਵੇਂ ਕਾਵਿ ਸੰਗ੍ਰਹਿ 'ਵਿੱਥ' ਨਾਲ ਅਜੇਹੀ ਇਕ 'ਵਿੱਥ' ਸਥਾਪਤ ਕਰਨ ਦੀ ਕੋਸ਼ਿਸ਼ ਵਿਚ ਅਗਰਸਰ ਹੈ। ਉਸਦੀਆਂ ਨਜ਼ਮਾਂ/ਕਵਿਤਾਵਾਂ ਦਾ ਇਹ ਸੰਗ੍ਰਹਿ ਰਾਜਿੰਦਰ ਪਰਦੇਸੀ ਦੀ ਪ੍ਰਤਿਭਾ ਦੇ ਨਵੇਂ ਦੁਆਰ ਖੋਲ੍ਹਦਾ ਹੈ। ਇਹਨਾਂ ਦੁਆਰਾਂ ਵਿਚੋਂ ਗੁਜ਼ਰਦਿਆਂ ਉਸਦੇ ਅੰਦਰ ਪਏ ਉਨ੍ਹਾਂ ਜਜ਼ਬਿਆਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਇਕ ਸੋਚਸ਼ੀਲ ਵਿਅਕਤੀ ਦੀ ਸਮਾਜਕ ਦੁਸ਼ਵਾਰੀਆਂ ਨਾਲ ਜੂਝਦਿਆਂ ਪੱਲੇ ਵਿਚ ਪਈ ਉਪਰਾਮਤਾ ਨਾਲ ਓਤਪੋਤ ਹਨ।



ਰਾਜਿੰਦਰ ਪਰਦੇਸੀ

ਚੌਤਰਫ਼ੀ ਪਸਰੇ ਹਨ੍ਹੇਰੇ ਵਿਚ ਦੀਵਾ ਬਾਲਣ ਦਾ ਸੰਦੇਸ਼ ਉਚਾਰਨ ਵਾਲੇ ਸ਼ਾਇਰ ਦੀ ਨਵੀਂ ਕਿਤਾਬ ਨੂੰ ਪਾਠਕਾਂ ਦੇ ਸਨਮੁੱਖ ਕਰਦਿਆਂ ਮੈਨੂੰ ਇਸ ਕਰਕੇ ਅਥਾਹ ਖ਼ੁਸ਼ੀ ਹੋ ਰਹੀ ਹੈ ਕਿ ਅਜੇਹੀ ਸ਼ਾਇਰੀ ਦਾ ਸਮਾਜਕ ਸਭਿਆਚਾਰਕ ਮੁੱਲ ਭਵਿੱਖ ਦੀਆਂ ਪੀੜ੍ਹੀਆਂ ਲਈ ਲਾਹੇਵੰਦ ਹੋਵੇਗਾ।

**ਲਖਵਿੰਦਰ ਜੌਹਲ (ਡਾ.)**

ਪ੍ਰੋਗਰਾਮ ਐਗਜ਼ੈਕਟਿਵ ਦੂਰਦਰਸ਼ਨ ਕੇਂਦਰ

ਜਲੰਧਰ


unistarbooks.com


UNISTAR BOOKS PVT. LTD.
INDIA
**Chandigarh** : 26-27 Top Floor, Sector 34A
Ph.: +91-172-5077427, 5077428, 5089761
**Ludhiana** : Punjabi Bhawan • +9198154 71219

ISBN 978-93-5017-417-3
9 789350 174173
₹ 160/-


ਵਿੱਥ

ਰਾਜਿੰਦਰ ਪਰਦੇਸੀ

# ਵਿੱਥ




## ਰਾਜਿੰਦਰ ਪਰਦੇਸੀ

**ਲੇਖਕ ਦੀਆਂ ਹੋਰ ਪੁਸਤਕਾਂ :**

1. ਅੱਖ਼ਰ ਅੱਖ਼ਰ ਤਨਹਾਈ
2. ਨਗ਼ਮਾ ਉਦਾਸ ਹੈ
3. ਉਦਰੇਵੇਂ ਦੀ ਬੁੱਕਲ
4. ਗੁੰਗੀ ਰੁੱਤ ਦੀ ਪੀੜ
5. ਗੀਤ ਕਰਨ ਅਰਜ਼ੋਈ
6. ਨਗ਼ਮਗੀਂ ਸਪਨੇ (ਹਿੰਦੀ) ਛਪਣ ਹਿੱਤ
7. ਖ਼ੁਦਾ ਹਾਫ਼ਿਜ਼ (ਉਰਦੂ) ਛਪਣ ਹਿੱਤ
8. ਰੰਗ ਸਮੁੰਦਰੋਂ ਪਾਰ ਦੇ (ਸਫ਼ਰਨਾਮਾ) ਛਪਣ ਹਿੱਤ

# ਵਿੱਥ

## ਕਾਵਿ ਸੰਗ੍ਰਹਿ

(ਨਜ਼ਮਾਂ ਤੇ ਕਵਿਤਾਵਾਂ)

**ਰਾਜਿੰਦਰ ਪਰਦੇਸੀ**

Sponsored by
**T.R. Dutta**
Canada
001909561592

# VITH

*Poetry by :*

**RAJINDER PARDESI**
35-B/168 Dashmesh Nagar, P.O. Dakoha
Jalandhar-Punjab-India
email : rajinder.pardesi7@gmail.com
Mob. 097802-13351, 093576-41552
91-181-3250653, 91-181-2410961

Title and Artwork
TAJINDER MANCHANDA
E-Mail : manchanda-arts@live.fr
(M) : 0033643710273

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



ਬਚਪਨ ਦੇ ਮਿੱਤਰ
ਪੱਗ ਵੱਟ ਭਰਾ
ਸ੍ਰ. ਅਜੀਤ ਸਿੰਘ
ਦੀ
ਯਾਦ ਨੂੰ

## ਤਰਤੀਬ


| | | |
|---|---|---|
| 1. | ਜਿਉਂਦੀ ਜਾਗਦੀ ਸ਼ਾਇਰੀ—ਵਿੱਥ/ਡਾ. ਲਖਵਿੰਦਰ ਜੌਹਲ | 7 |
| 2. | ਜ਼ਿੰਦਾ ਜ਼ਮੀਰ ਦੀ ਸ਼ਾਇਰੀ—ਵਿੱਥ/ਡਾ. ਕੀਰਤੀ ਕੇਸਰ | 13 |
| 2. | ਵਿੱਥ | 17 |
| 3. | ਸਹੁੰ | 19 |
| 4. | ਸਰਾਪੀ ਜ਼ਿੰਦਗੀ | 23 |
| 5. | ਇਲਜ਼ਾਮ | 27 |
| 6. | ਬੇਨਾਮ ਰਿਸ਼ਤਾ | 30 |
| 7. | ਸ਼ਾਇਦ ਤੈਨੂੰ ਨਹੀਂ ਪਤਾ | 33 |
| 8. | ਅਹਿਸਾਸ | 38 |
| 9. | ਮੈਨੂੰ ਤਾਂ ਪਤਾ ਸੀ | 39 |
| 10. | ?...... | 41 |
| 11. | ਉਦਾਸ ਨਗ਼ਮਾ | 57 |
| 12. | ਤੂੰ ਤੇ ਕਦੀ ਸੋਚਿਆ ਵੀ ਨਹੀਂ ਹੋਣਾ | 60 |
| 13. | ਉੱਠ ਨੀ ਜਿੰਦੇ | 66 |
| 14. | ਤਾਰਿਆਂ ਦੀ ਖਿੱਤੀ | 72 |
| 15. | ਦੋਸਤਾਂ ਵਰਗੇ ਦੋਸਤੋ | 76 |
| 16. | ਖ਼ਤ | 80 |
| 17. | ਗੁਆਚੇ ਗੀਤ | 86 |
| 18. | ਜ਼ਰਾ ਸੋਚੋ | 108 |
| 19. | ਦਿੱਲੀ ਦਾ ਮਰਸੀਆ | 112 |
| 20. | ਰੰਗ | 116 |
| 21. | ਕਾਮਰੇਡ | 120 |
| 22. | ਅੰਤਕਾ | 123 |


# ਜਿਊਂਦੀ-ਜਾਗਦੀ ਸ਼ਾਇਰੀ : ਵਿੱਥ

ਰਾਜਿੰਦਰ ਪਰਦੇਸੀ ਮੂਲ ਰੂਪ ਵਿਚ ਗ਼ਜ਼ਲਗੋ ਹੈ। ਗ਼ਜ਼ਲਕਾਰੀ ਉਸਦੇ ਰੋਮ ਰੋਮ ਵਿਚ ਰਚੀ ਹੋਈ ਹੈ। ਸ਼ਬਦ ਅਤੇ ਸਰਗਮ ਦੇ ਰਿਸ਼ਤੇ ਨੂੰ ਬਹਿਰ-ਵਜ਼ਨ ਵਿਚ ਰਮਾ ਕੇ ਆਪਣੀ ਗੱਲ ਕਹਿਣ ਦਾ ਵਲ ਜਿਨ੍ਹਾਂ ਕਵੀਆਂ ਨੂੰ ਆਉਂਦਾ ਹੈ ਉਨ੍ਹਾਂ ਵਿਚ ਪਰਦੇਸੀ ਪੇਸ਼ ਪੇਸ਼ ਹੈ। ਗ਼ਜ਼ਲ ਅਤੇ ਗੀਤ ਦੀ ਵਿਧਾ ਦੇ ਨਾਲ ਨਾਲ ਚਲਦਾ ਉਹ ਤੋਲ-ਤੁਕਾਂਤ ਵਾਲੀ ਸ਼ਾਇਰੀ ਦੇ ਉਨ੍ਹਾਂ ਮੁਦੱਈਆਂ ਨਾਲ ਕਦਮ ਮੇਲ ਮੇਲ ਕੇ ਇਸ ਤਰ੍ਹਾਂ ਚਲਿਆ ਹੈ ਕਿ ਉਸਨੂੰ ਇਸ ਕਾਫ਼ਲੇ ਨਾਲੋਂ 'ਵਿੱਥ' ਉੱਤੇ ਖੜੇ ਵੇਖਣਾ ਕੁਝ ਮੁਸ਼ਕਿਲ ਪ੍ਰਤੀਤ ਹੋ ਰਿਹਾ ਹੈ। ਪਰ ਉਹ ਆਪਣੇ ਇਸ ਨਵੇਂ ਕਾਵਿ ਸੰਗ੍ਰਹਿ 'ਵਿੱਥ' ਨਾਲ ਅਜੇਹੀ ਇਕ 'ਵਿੱਥ' ਸਥਾਪਤ ਕਰਨ ਦੀ ਕੋਸ਼ਿਸ਼ ਵਿਚ ਅਗਰਸਰ ਹੈ। ਉਸਦੀਆਂ ਨਜ਼ਮਾਂ/ਕਵਿਤਾਵਾਂ ਦਾ ਇਹ ਸੰਗ੍ਰਹਿ ਰਾਜਿੰਦਰ ਪਰਦੇਸੀ ਦੀ ਪ੍ਰਤਿਭਾ ਦੇ ਨਵੇਂ ਦੁਆਰ ਖੋਲ੍ਹਦਾ ਹੈ। ਇਹਨਾਂ ਦੁਆਰਾਂ ਵਿਚੋਂ ਗੁਜ਼ਰਦਿਆਂ ਉਸਦੇ ਅੰਦਰ ਪਏ ਉਨ੍ਹਾਂ ਜਜ਼ਬਿਆਂ ਦੇ ਦਰਸ਼ਨ ਹੁੰਦੇ ਹਨ ਜਿਹੜੇ ਇਕ ਸੋਚਸ਼ੀਲ ਵਿਅਕਤੀ ਦੀ ਸਮਾਜਕ ਦੁਸ਼ਵਾਰੀਆਂ ਨਾਲ ਜੂਝਦਿਆਂ ਪੱਲੇ ਵਿਚ ਪਈ ਉਪਰਾਮਤਾ ਨਾਲ ਓਤਪੋਤ ਹਨ। ਸਾਡੇ ਆਲੇ ਦੁਆਲੇ ਬਹੁਤ ਕੁਝ ਅਜੇਹਾ ਵਾਪਰ ਰਿਹਾ ਹੈ ਜਿਹੜਾ ਆਮ ਆਦਮੀ ਦੀਆਂ ਭਾਵਨਾਵਾਂ ਦੇ ਅਨੁਕੂਲ ਨਹੀਂ ਹੈ। ਜਨਸਾਧਾਰਨ ਕਿਵੇਂ ਸੋਚਦਾ ਹੈ? ਕੀ ਕਰਨਾ ਚਾਹੁੰਦਾ ਹੈ? ਕੀ ਬਣਨਾ ਚਾਹੁੰਦਾ ਹੈ? ਪਰ ਉਹ ਕੀ ਸੋਚੀ ਜਾ ਰਿਹਾ ਹੈ? ਕੀ ਕਰੀ ਜਾ ਰਿਹਾ ਹੈ? ਕੀ ਬਣੀ ਜਾ ਰਿਹਾ ਹੈ? ਇਸ ਸਭ ਕੁਝ ਵਿਚ ਇਕ 'ਵਿੱਥ' ਹੈ ਇਕ ਪਾੜਾ ਹੈ—ਇਕ ਵਿਰੋਧਾਭਾਸ ਹੈ। ਇਨ੍ਹਾਂ 'ਵਿੱਥਾਂ', ਪਾੜਿਆਂ ਅਤੇ ਵਿਰੋਧਾਭਾਸਾ ਦੀ ਕਸ਼ਮਕਸ਼ ਨੂੰ ਜ਼ੁਬਾਨ ਦਿੰਦੀ ਇਹ ਨਵੀਂ ਸ਼ਾਇਰੀ ਪੜ੍ਹਦਿਆਂ ਇਹ ਅਹਿਸਾਸ ਸਹਿਜ ਰੂਪ ਵਿਚ ਹੀ ਉਜਾਗਰ ਹੁੰਦਾ ਹੈ ਕਿ ਪਰਦੇਸੀ ਦੀ ਪ੍ਰਤਿਭਾ ਦਾ ਇਹ ਮਰਹੱਲਾ ਹੁਣ ਤੱਕ ਖ਼ਾਮੋਸ਼ ਕਿਉਂ ਰਿਹਾ? ਆਪਣੇ ਆਲੇ ਦੁਆਲੇ ਵਾਪਰ ਰਹੇ ਨੂੰ, ਸ਼ਾਇਰੀ ਦੀ ਨਜ਼ਰ ਨਾਲ ਵੇਖਣਾ ਅਤੇ ਉਸਨੂੰ ਸ਼ਬਦਾਂ ਰਾਹੀਂ ਪ੍ਰਗਟ ਕਰਨ ਦੀ ਕਲਾ ਪਰਦੇਸੀ ਨੂੰ ਆਉਂਦੀ ਹੈ—

ਵੇਖਦੀਆਂ ਹਨ
ਤੇਰੀਆਂ ਅੱਖਾਂ

ਵੇਖਦੀਆਂ ਹਨ
ਮੇਰੀਆਂ ਅੱਖਾਂ

ਨਾਜ਼ੁਕ ਜੇਹੀ
ਭੋਲੀ ਭਾਲੀ
ਤੇਰਾਂ ਕੁ
ਵਰ੍ਹਿਆਂ ਦੀ ਛੋਰੀ
ਪੈਸਾ ਪੈਸਾ
ਮੰਗਦੀ ਫਿਰਦੀ
ਅੰਨ੍ਹੇ ਪਿਓ ਦੀ
ਫੜ ਡੰਗੋਰੀ

ਸਮਾਜਕ ਸਥਿਤੀ ਦਾ ਇਹ ਪਹਿਲੂ, ਜਿਥੇ ਬਚਪਨ ਨੂੰ ਰੋਟੀ-ਰੋਜ਼ੀ ਦੀਆਂ ਦੁਸ਼ਵਾਰੀਆਂ ਨਾਲ ਜੂਝਣਾ ਪੈ ਰਿਹਾ ਹੈ ਪਰਦੇਸੀ ਨੂੰ ਪਰੇਸ਼ਾਨ ਕਰਦਾ ਹੈ ਉਸਨੂੰ ਲਗਦਾ ਹੈ ਕਿ ਅੱਜ ਦਾ ਵਿਅਕਤੀ ਸਹੀ ਅਰਥਾਂ ਵਿਚ ਵਿਅਕਤੀ ਹੋਣ ਦੀ ਹੋਂਦ ਤੋਂ ਹੀ ਇਕ 'ਵਿੱਥ' ਉਤੇ ਖੜਾ ਹੈ—

ਧੁਆਂਖੇ
ਸੁਪਨਿਆਂ ਦੀ
ਮੜ੍ਹੀ ਤੇ
ਦੀਵਾ ਬਣ
ਰਿਹਾਂ ਬਲਦਾ
ਤੇ ਮੇਰੀ
ਰੌਸ਼ਨੀ
ਡਸਦੇ ਰਹੇ
ਸਿਵਿਆਂ ਦੇ ਸੱਪ।

ਮੈਂ ਆਪਣੇ ਆਪ ਤੋਂ
ਕੋਹਾਂ ਦੀ
ਵਿੱਥ ਤੇ ਖੜ
ਰਿਹਾਂ ਤੱਕਦਾ
ਲਹੂ ਦਾ ਰੰਗ
ਸਰੀਰ ਆਪਣੇ 'ਚੋਂ
ਚੋਰੀ ਹੁੰਦਿਆਂ....



ਇਕ ਵਿੱਥ ਉਤੇ ਖੜਾ ਵਿਅਕਤੀ ਕੀ ਵੇਖਦਾ ਹੈ—ਆਪਣੇ ਹੀ ਸਰੀਰ ਵਿਚੋਂ ਚੋਰੀ ਹੋ ਰਿਹਾ ਆਪਣੇ ਲਹੂ ਦਾ ਰੰਗ—ਅੱਜ ਦੇ ਵਿਅਕਤੀ ਦਾ ਹੌਲੀ ਹੌਲੀ ਚਿੱਟਾ ਹੋ ਰਿਹਾ ਲਹੂ ਵਿਅਕਤੀ ਨੂੰ ਕਿਸ ਪਾਸੇ ਲੈ ਜਾਵੇਗਾ—ਇਸ ਬਾਰੇ ਪਰਦੇਸੀ ਭਲੀ ਭਾਂਤ ਜਾਣਦਾ ਹੈ ਇਸੇ ਕਰਕੇ ਉਸਦੀ ਇਹ ਸ਼ਾਇਰੀ ਜਾਗਦੀ ਸ਼ਾਇਰੀ ਹੈ—ਜਿਊਂਦੀ ਸ਼ਾਇਰੀ ਹੈ। ਜਿਸ ਵਿਚ ਆਪਣੇ ਹੱਕਾਂ ਲਈ ਲੜਨ ਦਾ ਇਕ ਸੁਨੇਹਾ ਵਿਦਮਾਨ ਹੈ—

ਮੈਨੂੰ ਤਾਂ ਪਤਾ ਸੀ
ਕਿ ਤੂੰ
ਨਹੀਂ ਮਰੇਂਗੀ
ਅਤੇ
ਮਰਾਂਗਾ
ਮੈਂ ਵੀ ਨਹੀਂ
ਕਿਉਂਕਿ ਅਸੀਂ
ਬੁਜ਼ਦਿਲਾਂ ਦੀ
ਕਤਾਰ ਵਿਚ ਨਹੀਂ
ਹੱਕਾਂ ਦੀ ਖ਼ਾਤਿਰ
ਲੜਨ ਵਾਲਿਆਂ ਦੀ
ਲਾਮ ਵਿਚ ਸ਼ਾਮਲ ਸਾਂ

ਇਹ ਤਾਂ
ਉਨ੍ਹਾਂ ਦਾ
ਭਰਮ ਹੀ ਸੀ
ਕਿ
ਕਿਸੇ ਨੂੰ
ਮਾਰ ਦੇਣ ਨਾਲ
ਉਹ
ਖ਼ਤਮ ਹੋ ਜਾਂਦੈ
ਪਰ
ਸਾਨੂੰ ਤਾਂ
ਪਤਾ ਸੀ ਨਾ
ਕਿ
ਜਦੋਂ ਕੋਈ

ਪੂਰਨ ਰੁੱਖ
ਬਣ ਜਾਂਦੈ
ਉਸਨੂੰ ਭਾਵੇਂ
ਜਿੰਨਾ ਮਰਜ਼ੀ
ਡੂੰਘੀਆਂ ਜੜ੍ਹਾਂ ਤੋਂ
ਪੁਟਿਆ ਜਾਵੇ
ਉਸਦਾ
ਬੀਜ ਨਾਸ
ਨਹੀਂ ਹੁੰਦਾ.....

ਆਪਣੇ ਹੱਕਾਂ ਲਈ ਲੜਨ ਵਾਲਿਆਂ ਨੂੰ ਪੂਰਨ ਰੁੱਖ ਬਣ ਜਾਣ ਦੇ ਚਿੰਨ੍ਹ ਵਜੋਂ ਸਥਾਪਤ ਕਰਨਾ ਪਰਦੇਸੀ ਦੀ ਕਾਵਿ ਕਲਾ ਦਾ ਅਜੇਹਾ ਹਾਸਲ ਹੈ ਜਿਹੜਾ ਉਸਨੂੰ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਵਾਲੀ ਸ਼ਾਇਰੀ ਨਾਲ ਜੋੜ ਦਿੰਦਾ ਹੈ। ਉਸਦੇ ਇਸ ਅੰਦਾਜ਼ ਦੇ ਝਲਕਾਰੇ ਇਸ ਸੰਗ੍ਰਹਿ ਦੀਆਂ ਨਜ਼ਮਾਂ ਵਿਚੋਂ ਸਹਿਜ ਹੀ ਪੈਂਦੇ ਹਨ—ਉਹ ਸਮਕਾਲੀ ਸਥਿਤੀ ਦੀ ਉਪਰਾਮਤਾ ਵਿਚੋਂ ਲੋਕਾਈ ਨੂੰ ਕੱਢਣਾ ਚਾਹੁੰਦਾ ਹੈ ਅਤੇ ਇਕ ਅਜੇਹਾ ਮਾਹੌਲ ਸਿਰਜਣਾ ਚਾਹੁੰਦਾ ਹੈ ਜਿਸ ਵਿਚ ਖੇੜੇ-ਖੁਸ਼ੀਆਂ-ਪਿਆਰ ਮੁਹੱਬਤ ਡੁੱਲ ਡੁੱਲ ਪੈਂਦਾ ਹੋਵੇ—

ਉਲਫ਼ਤ ਦਾ ਸਾਜ਼ ਜੋੜੋ
ਨਗ਼ਮਾ ਉਦਾਸ ਹੈ

ਨਗ਼ਮਾ
ਉਦਾਸ ਹੈ ਕਿ
ਕਲੀਆਂ ਦੀ
ਮਹਿਕ ਜ਼ਖ਼ਮੀ
ਭੰਵਰਾਂ ਦੇ
ਹੋਠ ਜ਼ਖ਼ਮੀ
ਬੁਲਬੁਲ ਦੇ
ਗੀਤ ਜ਼ਖ਼ਮੀ
ਜ਼ਖ਼ਮੀ ਹੈ
ਡਾਲੀ ਡਾਲੀ
ਖ਼ਾਮੋਸ਼
ਫਿਰ ਵੀ ਮਾਲੀ....



ਮਾਲੀ ਦੀ ਖ਼ਾਮੋਸ਼ੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ—ਬਾਗ਼ ਦੀ ਵਿਆਕਰਨ ਨੂੰ ਸਮਾਜ ਦੀ ਵਿਆਕਰਨ ਨਾਲ ਮੇਚ ਕੇ ਵੇਖਣਾ ਅਤੇ ਸਵਾਲ ਉਠਾਉਣਾ ਕਿ :

ਇਹ
ਆਲ੍ਹਣੇ ਚਮਨ ਦੇ
ਕਿਉਂ
ਹੋ ਰਹੇ ਨੇ ਖ਼ਾਲੀ?

ਇਕ ਸਜੱਗ-ਜਾਗਰੂਕ ਸ਼ਾਇਰ ਦਾ ਕਾਰਜ ਹੀ ਹੋ ਸਕਦਾ ਹੈ—ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ 'ਗੁਆਚੇ ਗੀਤ' ਅਤੇ ?.... (ਵੇਖਦੀਆਂ ਹਨ ਤੇਰੀਆਂ ਅੱਖਾਂ) ਸਪਸ਼ਟ ਕਰਦੀਆਂ ਹਨ ਕਿ ਕਵੀ ਦੀ ਨਜ਼ਰ ਕਿੰਨੀ ਗਹਿਰੀ ਕਿੰਨੀ ਨੀਝ ਭਰੀ ਅਤੇ ਕਿੰਨੀ ਤਿੱਖੀ ਹੈ ਕਿ ਉਸ ਤੋਂ ਸਮਾਜਕ ਨਾ ਬਰਾਬਰੀ ਅਤੇ ਅਸਾਵੇਂਪਨ ਦੀ ਸਥਿਤੀ ਨੂੰ ਸਮਝਣ ਅਤੇ ਉਸਨੂੰ ਆਪਣੀ ਕਵਿਤਾ ਦਾ ਵਿਸ਼ੇ ਬਣਾਉਣ ਦੀ ਜਾਚ ਅਛੂਤੀ ਨਹੀਂ ਰਹਿੰਦੀ। ਕਵੀ ਸੰਸਕ੍ਰਿਤੀ ਦੀ ਬਣਤਰ ਅਤੇ ਬੁਣਤਰ ਨੂੰ ਸਮਝਦਾ ਹੋਇਆ ਸਦੀਵੀ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਇਸਦੇ ਮਹੱਤਵ ਨੂੰ ਬਣਾਈ ਰੱਖਣ ਦਾ ਮੁਦਈ ਹੈ।

ਪੁਰਾਣੀ ਸਾਂਝ ਦੇ ਰਿਸ਼ਤੇ
ਮਿਟਾਏ ਜਾ ਨਹੀਂ ਸਕਦੇ
ਅਸਾਡੀ ਪ੍ਰੀਤ ਦੇ ਦੀਵੇ
ਬੁਝਾਏ ਜਾ ਨਹੀਂ ਸਕਦੇ...
ਇਹ ਕੋਸ਼ਿਸ਼ ਦੁਸ਼ਮਣਾਂ ਦੀ ਹੈ
ਅਸੀਂ ਲੜ ਲੜ ਕੇ ਮਰ ਜਾਈਏ
ਤੇ ਰੰਗ ਇਸ ਖ਼ੂਨ ਸਾਂਝੇ ਦਾ
ਅਸੀਂ ਬਦਰੰਗ ਕਰ ਜਾਈਏ....

ਸਾਂਝੇ ਖ਼ੂਨ ਦਾ ਰੰਗ ਕਿਤੇ ਬਦਰੰਗ ਨਾ ਹੋ ਜਾਵੇ ਇਸਦੀ ਚਿੰਤਾ ਕਰਨ ਵਾਲੇ ਸ਼ਾਇਰ ਬਹੁਤ ਵਿਰਲੇ ਹਨ। ਸ਼ਾਇਰੀ ਨੂੰ ਸਮਾਜਕ ਸਰੋਕਾਰਾਂ ਨਾਲ ਜੋੜ ਕੇ ਸਮਾਜ ਦੇ ਚੰਗੇ ਭਵਿੱਖ ਨੂੰ ਸੁਨੇਹਾ ਸਿਰਜਣਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਸਥਿਤੀ ਦੀਆਂ ਬਰੀਕੀਆਂ ਅਤੇ ਤਾਣੇ ਬਾਣੇ ਦੀਆਂ ਗੁੰਝਲਾਂ ਨੂੰ ਸਮਝਣਾ ਤੀਖਣ ਬੌਧਿਕ ਵਰਤਾਰੇ ਨਾਲ ਜੁੜਿਆ ਹੋਇਆ ਕਾਰਜ ਹੈ। ਫੇਰ ਸਥਿਤੀ ਨੂੰ ਸਮਝ ਕੇ ਉਸਨੂੰ ਬਦਲ ਦੇਣ ਦੇ ਬੋਧ ਤੱਕ ਲੈ ਜਾਣਾ ਉਸ ਤੋਂ ਵੀ ਮੁੱਲਵਾਨ ਅਮਲ ਹੈ। ਪਰ ਪਰਦੇਸੀ ਵਿਚ ਅਜੇਹੀ ਸਮਰੱਥਾ ਹੈ ਕਿ ਉਹ ਅਜੇਹਾ ਕਰ ਸਕਦਾ ਹੈ ਇਸੇ ਕਰਕੇ ਉਸਦੀ ਕਵਿਤਾ 'ਉੱਠ ਨੀ ਜਿੰਦੇ' ਦੀ ਸੱਦ ਲਾਉਂਦੀ ਹੈ—

ਇਉਂ ਨਾ
ਸੱਚ ਹਨ੍ਹੇਰੀਂ ਗਾਲ
ਉੱਠ ਨੀ ਜਿੰਦੇ
ਦੀਵਾ ਬਾਲ
ਲੋਭੀ ਸਾਂਝਾ
ਸਭ ਅਪਣਾਈਆਂ
ਹੋ ਰਹੀਆਂ
ਸਿਆਸੀ ਕੁੜਮਾਈਆਂ
ਕੌਣ ਕਿਸੇ ਦਾ
ਦਰਦ ਵਿਹਾਜੇ
ਆਥਣ ਉੱਗਣ
ਛੱਡ-ਛਡਾਈਆਂ
ਕੌਣ ਕਿਸੇ ਦਾ
ਕੀ ਲਗਦਾ ਏ
ਸਾਂਝਾ ਦਾ
ਪੈ ਗਿਆ ਏ ਕਾਲ
ਉੱਠ ਨੀ ਜਿੰਦੇ
ਦੀਵਾ ਬਾਲ...

ਚੌਤਰਫ਼ੀ ਪਸਰੇ ਹਨ੍ਹੇਰੇ ਵਿਚ ਦੀਵਾ ਬਾਲਣ ਦਾ ਸੰਦੇਸ਼ ਉਚਾਰਨ ਵਾਲੇ ਸ਼ਾਇਰ ਦੀ ਨਵੀਂ ਕਿਤਾਬ ਨੂੰ ਪਾਠਕਾਂ ਦੇ ਸਨਮੁੱਖ ਕਰਦਿਆਂ ਮੈਨੂੰ ਇਸ ਕਰਕੇ ਅਥਾਹ ਖ਼ੁਸ਼ੀ ਹੋ ਰਹੀ ਹੈ ਕਿ ਅਜੇਹੀ ਸ਼ਾਇਰੀ ਦਾ ਸਮਾਜਕ ਸਭਿਆਚਾਰਕ ਮੁੱਲ ਭਵਿੱਖ ਦੀਆਂ ਪੀੜ੍ਹੀਆਂ ਲਈ ਲਾਹੇਵੰਦ ਹੋਵੇਗਾ ਅਤੇ ਇਸ ਕਰਕੇ ਇਕ ਤਸੱਲੀ ਦਾ ਅਹਿਸਾਸ ਹੋ ਰਿਹਾ ਹੈ ਕਿ ਇਸ ਕਿਤਾਬ ਨਾਲ ਉਸ ਕਵਿਤਾ ਵਿਚ ਇਜ਼ਾਫਾ ਹੋ ਰਿਹਾ ਹੈ ਜਿਹੜੀ ਕਵਿਤਾ ਸਿਰਫ਼ ਬਹਿਰ-ਵਜ਼ਨੀ ਕਰਾਮਾਤਾਂ ਨਾਲ ਸ਼ਬਦ-ਜਾਲ ਨਹੀਂ ਬੁਣਦੀ ਅਤੇ ਸ਼ਬਦ ਅਤੇ ਸਰਗਮ ਦੇ ਰਿਸ਼ਤੇ ਨੂੰ ਸਿਰਫ਼ ਆਨੰਦ ਤੱਕ ਘਟਾ ਕੇ ਨਹੀਂ ਵੇਖਦੀ ਸਗੋਂ ਸ਼ਬਦਾਂ ਵਿਚ ਗ਼ਮੀ ਹੋਈ ਉਸ ਸਮਰੱਥਾ ਨੂੰ ਵੀ ਪਛਾਣਦੀ ਹੈ ਜਿਸਨੇ ਸਮਾਜਕ ਤਬਦੀਲੀ ਦਾ ਬੋਧ ਬਣ ਕੇ ਇਕ ਸ਼ਕਤੀ ਵਾਂਗ ਉਜਾਗਰ ਹੋਣਾ ਹੈ।

**ਲਖਵਿੰਦਰ ਜੌਹਲ (ਡਾ.)**
ਪ੍ਰੋਗਰਾਮ ਐਗਜ਼ੈਕਟਿਵ ਦੂਰਦਰਸ਼ਨ ਕੇਂਦਰ
ਜਲੰਧਰ



# ਜ਼ਿੰਦਾ ਜ਼ਮੀਰ ਦੀ ਸ਼ਾਇਰੀ—ਵਿੱਥ

ਮੈਂ ਰਾਜਿੰਦਰ ਪਰਦੇਸੀ ਨੂੰ ਗ਼ਜ਼ਲ ਦੇ ਸ਼ਾਇਰ ਦੇ ਰੂਪ ਵਿਚ ਇਕ ਅਰਸੇ ਤੋਂ ਜਾਣਦੀ ਹਾਂ। ਇਹ ਨਵੀਂ ਪੁਸਤਕ ਉਨ੍ਹਾਂ ਦੀਆਂ ਛੰਦ ਮੁਕਤ ਕਵਿਤਾਵਾਂ ਦਾ ਸੰਗ੍ਰਹਿ ਹੈ। ਗ਼ਜ਼ਲ ਅਤੇ ਗੀਤ ਵਿਚ ਲੈਅ-ਤਾਲ, ਕਾਫ਼ੀਆ-ਰਦੀਫ਼ ਅਤੇ ਤੁਕਾਂਤ ਨਾਲ ਅਪੀਲ ਦਾ ਜੋ ਚਮਤਕਾਰ ਸੁਭਾਵਕ ਰੂਪ ਨਾਲ ਆਉਂਦਾ ਹੈ, ਉਹ ਮੁਕਤ ਕਵਿਤਾ ਵਿਚ ਕਵੀ ਨੂੰ ਆਪਣੀ ਊਰਜਾ ਵਿਚ ਭਾਵ ਅਤੇ ਵਿਚਾਰ ਵਿਚ ਅਤੁਕਾਂਤ ਦੇ ਨਾਲ ਪੈਦਾ ਕਰਨਾ ਪੈਂਦਾ ਹੈ। ਗ਼ਜ਼ਲ ਵਿਚਾਰ ਨੂੰ ਲੈ ਕੇ ਵੀ, ਆਪਣੇ ਰੋਮਾਂਟਿਕ ਲੈਅਆਤਮਿਕ ਪ੍ਰਭਾਵ ਨੂੰ ਬਣਾ ਲੈਂਦੀ ਹੈ ਅਤੇ ਮੁਕਤ ਕਵਿਤਾ ਵਿਚਾਰ ਦੇ ਬਿਨਾਂ ਨਹੀਂ ਬਣਦੀ। ਭਾਵਾਤਮਕ ਲੈਅਆਤਮਕਤਾ ਨੂੰ ਇਸ ਨਾਲ ਖ਼ਤਰਾ ਬਣਿਆ ਰਹਿੰਦਾ ਹੈ ਇਸ ਲਈ ਭਾਵਾਤਮਕ ਲੈਅਆਤਮਕਤਾ ਨੂੰ ਭਾਸ਼ਾ ਦੇ ਧਵਨਆਤਮਕ ਮੁਹਾਵਰੇ ਵਿਚ ਬੁਨਣਾ ਜ਼ਰੂਰੀ ਹੋ ਜਾਂਦਾ ਹੈ। ਇਸਦੇ ਅਭਾਵ ਨੂੰ ਮੁਕਤ ਕਵਿਤਾ ਕਦੀ-ਕਦੀ ਬਿਆਨ (Statement) ਬਣ ਕੇ ਰਹਿ ਜਾਂਦੀ ਹੈ ਅਤੇ ਕਾਵਆਤਮਕ ਗੁਣਵਤਾ ਦਾ ਅਭਆਵ ਉਸ ਵਿਚ ਸਪਸ਼ਟ ਦਿੱਸਣ ਲਗਦਾ ਹੈ।

ਪਰ ਜਿਥੇ ਤਕ 'ਵਿੱਥ' ਦੀ ਕਵਿਤਾ ਦੀ ਵਿਸ਼ੈ-ਸੱਮਗਰੀ (Content) ਦਾ ਸਵਾਲ ਹੈ ਇਹ ਜ਼ਿੰਦਾ ਜ਼ਮੀਰ ਦੇ ਧੜਕਦੇ ਦਿਲ ਦੀ ਸ਼ਾਇਰੀ ਹੈ। ਧੜਕਨ ਨੂੰ ਜ਼ਿੰਦਾ ਰੱਖਣ ਦੇ ਅਹਿਸਾਸਾਂ ਅਤੇ ਉਨ੍ਹਾਂ ਦੇ ਜੀਣ ਦੀ ਤੀਵਰ ਇੱਛਾ ਦੀ ਸ਼ਾਇਰੀ ਹੈ। ਜੀਵਨ ਦੀਆਂ ਕੌੜੀਆਂ ਸਚਾਈਆਂ ਨੂੰ ਰੂਬਰੂ ਹੁੰਦੇ ਅਤੇ ਆਦਮੀ ਦੀ ਵਿਰੋਧਾਭਾਸਾ (Absord reality) ਦੇ ਨਾਲ ਜੀਣ ਦੀਆਂ ਮਜਬੂਰੀਆਂ ਦਾ ਸਾਹਮਣਾ ਕਰਦੇ ਅਨੁਭਵਾਂ ਦੀ ਸ਼ਾਇਰੀ ਹੈ। ਇਨ੍ਹਾਂ ਕਵਿਤਾਵਾਂ ਵਿਚ, ਗ਼ਜ਼ਲ ਦਾ ਰੋਮਾਂਟਿਕ ਮੁਹਾਵਰਾ ਆਪਣੇ ਆਪ ਹੀ ਟੁਟ ਜਾਂਦਾ ਹੈ—

'ਤਾਰਿਆਂ ਦੀ ਖਿੱਤੀ' ਕਵਿਤਾ ਦਾ ਅੰਸ਼ :

ਮੈਂ, ਮਾਸੂਮ ਧਰਤ ਦਾ ਵਾਸੀ
ਆਸਮਾਨ ਦੀਆਂ ਸਾਜ਼ਿਸ਼ਾਂ ਤੋਂ
ਅਣਜਾਣ ਸਾਂ
ਮੈਂ, ਭੁਲ ਗਿਆ ਸਾਂ

ਕਿ ਅੱਜ ਦੇ
ਪਦਾਰਥਕ ਯੁੱਗ ਵਿਚ
ਲੋੜਾਂ ਹੀ, ਰਿਸ਼ਤਿਆਂ ਦਾ
ਦੂਜਾ ਨਾਮ ਹੈ

ਜ਼ਮੀਰ ਜ਼ਿੰਦਾ ਹੈ ਪਰ ਉਹ 'ਵਿੱਥ' ਦੀਆਂ ਕਵਿਤਾਵਾਂ ਵਿਚ ਆਪਣੇ ਦਿਖਾਈ ਦੇਣੇ ਵਾਲੇ ਯਥਾਰਥ ਅਤੇ ਅਹਿਸਾਸ ਦੇ ਯਥਾਰਥ ਦੇ ਵਿਚ ਇਕ ਦੂਰੀ ਬਣਾ ਕੇ ਜੀਵਨ ਦੇ ਯਥਾਰਥ ਨੂੰ ਦੇਖਦਾ ਹੈ। ਸਮਾਂ ਹੀ ਅਜਿਹਾ ਹੈ ਕਿਉਂਕਿ ਹੁਣ ਇਸ ਦੌਰ ਵਿਚ ਇਕੱਲਾ ਆਦਮੀ ਮਾਤਰ ਦਰਸ਼ਕ ਬਣ ਕੇ ਹੀ ਰਹਿ ਜਾਂਦਾ ਹੈ। ਉਹ ਗਲਤ-ਸਹੀ ਦਾ ਫ਼ਰਕ ਜਾਣਦਾ ਹੈ, ਮਹਿਸੂਸ ਕਰਦਾ ਹੈ, ਕਹਿਣ ਦੀ ਤਾਕਤ ਵੀ ਰਖਦਾ ਹੈ ਪਰ ਸਾਮੂਹਿਕ ਸਿਸਟਮ ਦੀ ਜਕੜਬੰਦੀ ਇੰਨੀਆਂ ਪਰਤਾਂ ਵਾਲੀ ਹੈ ਕਿ ਉਹ ਇਕ ਪਰਤ ਨਾਲ ਟਕਰਾ ਕੇ ਹੀ ਟੁਟ ਜਾਣ ਦੀ ਸੰਭਾਵਨਾ ਨਾਲ ਡਰ ਜਾਂਦਾ ਹੈ। ਇਸ ਲਈ ਅੱਜ ਦਾ ਸੱਚ ਇਹੀ ਹੈ ਜੋ ਕਰੇਗਾ ਸਮੂਹ ਕਰੇਗਾ, ਸਮੂਹ ਵਿਚ ਹੋਵੇਗਾ, ਜੋ ਵੀ ਹੋਵੇਗਾ। ਇਕਲੇ ਵਿਅਕਤੀ ਦੀ ਆਵਾਜ਼ ਹੋ ਸਕਦੀ ਹੈ, ਚੀਖ਼ ਹੋ ਸਕਦੀ ਹੈ ਪਰ ਉਸਦੇ ਸੰਘਰਸ਼ ਨੂੰ ਸਮੂਹ ਦਾ ਸਿਸਟਮ ਸੁਕਾ ਲੈਂਦਾ ਹੈ। ਇਨ੍ਹਾਂ ਖ਼ਤਰਿਆਂ ਨੂੰ ਤੋਲਦਾ ਆਦਮੀ ਦਾ ਜ਼ਮੀਰ ਇਕ 'ਵਿਥ' ਉੱਤੇ ਖੜ੍ਹਾ ਰਹਿੰਦਾ ਹੈ। ਇਹ ਸੱਚ ਇਸ ਦੀਆਂ ਕਵਿਤਾਵਾਂ ਵਿਚ ਉਜਾਗਰ ਹੁੰਦਾ ਹੈ। ਸੋ ਰਾਜਿੰਦਰ ਪਰਦੇਸੀ 'ਵਿੱਥ' ਨੂੰ ਪਾਰ ਨਾ ਕਰਕੇ 'ਨਾਰ੍ਹੇਬਾਜ਼ੀ' ਤੋਂ ਆਪਣੀ ਰਚਨਾ ਨੂੰ ਬਚਾ ਕੇ ਚਲਦਾ ਹੈ, 'ਦੋਸਤਾਂ ਵਰਗੇ ਦੋਸਤੋ' ਕਵਿਤਾ ਦਾ ਅੰਸ਼—

'ਮੈਂ, ਸਬਰ ਦਾ ਘੁਟ ਤਾਂ
ਭਰ ਲੈਣਾ ਸੀ
ਜੇਕਰ ਅਪਣੇ
ਹਮ ਵਤਨਾਂ ਦੇ ਕਾਤਿਲਾਂ
ਨੂੰ ਸਰਕਾਰੀ ਜੂਹਾਂ ਵਿਚ
ਆਰਾਮ
ਫਰਮਾਉਂਦੇ ਨਾ ਵੇਖਦਾ
ਐ ਮੇਰੇ, ਦੋਸਤਾਂ ਵਰਗੇ ਦੋਸਤੋ
ਸਜ਼ਾ ਮੈਂ
ਵਿਦਰੋਹੀ ਹੋਣ ਦੀ ਨਹੀਂ
ਤੁਹਾਡੀਆਂ
ਮੂਕ ਗਵਾਹੀਆਂ ਦੀ
ਭੁਗਤ ਰਿਹਾ ਹਾਂ



ਆਸਕਤੀ ਅਤੇ ਅਨਾਸਕਤੀ ਦੇ ਬੀਚ 'ਵਿੱਥ' (ਅੰਤਰਾਲ, Space) ਸੰਤੁਲਨ ਬਨਾਉਣ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਮੋਹ ਅਤੇ ਮੋਹਵਿਹੀਨਤਾ, ਜੀਵਨ ਵਿਚ ਦੋਵਾਂ ਨੂੰ ਸਹੀ ਅਨੁਪਾਤ ਵਿਚ ਸਾਧਣਾ, ਦੋਵਾਂ ਦੇ ਵਿਚ ਦੀ 'ਵਿੱਥ' ਦੇ ਨਾਲ ਹੀ ਸੰਭਵ ਹੁੰਦਾ ਹੈ। ਜੋ ਸਾਧ ਲੈਂਦਾ ਹੈ ਉਹ ਕਈ ਤਰ੍ਹਾਂ ਦੇ ਤਨਾਅ, ਭਰਮਾਂ ਅਤੇ ਕਨਫਿਊਜ਼ਨ ਦੀ ਸਥਿਤੀ ਤੋਂ ਬਚ ਨਿਕਲਦਾ ਹੈ। ਰਾਜਿੰਦਰ ਪਰਦੇਸੀ ਦੀਆਂ ਕਵਿਤਾਵਾਂ ਵਿਚੋਂ ਅਜਿਹੇ ਸਮਝਦਾਰ ਵਿਅਕਤੀ ਦੇ ਦਰਸ਼ਨ ਕਈ ਕਵਿਤਾਵਾਂ ਵਿਚ ਹੁੰਦੇ ਹਨ। 'ਖ਼ਤ' ਕਵਿਤਾ ਦਾ ਇਕ ਅੰਸ਼ :

ਮੈਂ ਹੁਣ ਸਚਮੁਚ ਵਿਆਹ
ਕਰਵਾ ਲਿਆ ਹੈ
ਤੇਰੇ ਵਰਗੀ
ਸਿਆਣੀ ਅਤੇ ਚੰਗੀ ਜਿਹੀ
ਕੁੜੀ ਨਾਲ
* * *
ਸਚਮੁਚ ਮੇਰੀ ਮਹਿਬੂਬਾ
ਮੈਨੂੰ ਇਉਂ ਭਾਸਦੈ
ਜਿਵੇਂ ਤੇਰੀ ਰੂਹ
ਮੇਰੀ ਪਤਨੀ ਵਿਚ
ਪਰਵੇਸ਼ ਕਰ ਗਈ ਹੋਵੇ।

ਹੁਣ ਅੱਧਕਾਲੀਨ ਇਸ਼ਕ ਦਾ ਯੁਗ ਨਹੀਂ ਰਿਹਾ। ਇਸ ਤਰ੍ਹਾਂ ਦਾ 'ਕਨਫੈਸ਼ਨ' ਜੀਵਨ ਵਿਚ ਸਾਰਥਕਤਾ ਦੀ ਤਲਾਸ਼ ਦੀ ਸਮਾਜਿਕ ਜ਼ਰੂਰਤ ਬਣ ਗਈ ਹੈ ਕਿਉਂਕਿ 'ਔਰ ਗ਼ਮ ਭੀ ਬਹੁਤ ਹੈ ਜ਼ਮਾਨੇ ਮੇਂ, ਮੁਹੱਬਤ ਕੇ ਗ਼ਮ ਕੇ ਸਿਵਾ।' ਕਾਮਰੇਡ ਕਵਿਤਾ ਵਿਚ ਕਵੀ ਨੇ 'ਕਾਮਰੇਡ' ਦੀ 'ਇੰਪੋਰਟੇਡ' ਮਿਥਸ਼ ਨੂੰ ਦੇਸੀ ਮਿੱਟੀ ਦੇ ਨਾਲ ਗਡਿਆ ਹੈ—

ਮੈਂ ਦੁਨੀਆ ਦੀ
ਪਰਿਕਰਮਾ ਤੋਂ ਪਹਿਲਾਂ
ਆਪਣੇ ਵਤਨ ਦੀ
ਮਿੱਟੀ ਦੀ ਮਹਿਕ
ਤੁਹਾਡੇ ਸਾਹਾਂ ਦੇ
ਨਜ਼ਦੀਕ
ਦੇਖਣਾ ਚਾਹੁੰਦਾ ਹਾਂ
ਤੁਹਾਡੀਆਂ ਸੋਚਾਂ 'ਚੋਂ

ਮਨਫ਼ੀ ਹੋ ਗਈਆਂ
ਸ਼ਹਾਦਤਾਂ ਨੂੰ
ਤੁਹਾਡੇ ਰੂਬਰੂ
ਕਰਨਾ ਚਾਹੁੰਦਾ ਹਾਂ।


ਸੰਗ੍ਰਹਿ ਦੀ ਅੰਤਿਮ ਕਵਿਤਾ ਵਿਚ ਕਵੀ ਦਾ ਅਧਿਆਤਮਕ ਸ਼ੈਲੀ ਵਿਚ ਅਹਿਸਾਸਾਂ ਅਤੇ ਜ਼ਮੀਰ ਨੂੰ ਜ਼ਿੰਦਾ ਰੱਖਣ ਦਾ ਸੰਘਰਸ਼ ਦਰਜ ਹੈ। 'ਵਿੱਥ' ਕਿਥੋਂ ਆਈ ਇਹ ਸ਼ਾਇਦ ਉਸਨੂੰ ਹੀ ਪਤਾ ਹੈ।

—ਡਾ. ਕੀਰਤੀ ਕੇਸਰ
1086 IE ਗੋਬਿੰਦਗੜ੍ਹ
ਜਲੰਧਰ-144001
ਮੋਬਾਇਲ : 9878784016



# ਵਿੱਥ

ਮੈਂ
ਆਪਣੇ ਆਪ ਤੋਂ
ਕੋਹਾਂ ਦੀ
ਵਿੱਥ ਤੇ ਹਾਂ
ਖੜਾ
ਇਕ
ਉਮਰ ਤੋਂ




ਧੁਆਂਖੇ
ਸੁਪਨਿਆਂ ਦੀ
ਮੜੀ ਤੇ
ਦੀਵਾ ਬਣ
ਰਿਹਾਂ ਬਲਦਾ
ਤੇ ਮੇਰੀ
ਰੌਸ਼ਨੀ ਡਸਦੇ ਰਹੇ
ਸਿਵਿਆਂ ਦੇ ਸੱਪ।

ਮੈਂ
ਅਪਣੇ ਆਪ ਤੋਂ
ਕੋਹਾਂ ਦੀ
ਵਿੱਥ ਤੇ ਖੜ
ਰਿਹਾਂ ਤਕਦਾ

ਲਹੂ ਦਾ ਰੰਗ
ਸਰੀਰ ਆਪਣੇ 'ਚੋਂ
ਚੋਰੀ ਹੁੰਦਿਆਂ।

ਮੈਂ
ਦੋਸ਼ੀ ਹਾਂ
ਕਿ
ਆਪਣੇ ਤੋਂ ਹੀ
ਆਪਣੇ ਤਕ
ਮਿਟਾ ਸਕਿਆ
ਨਹੀਂ ਵਿੱਥ।





## ਸਹੁੰ

ਕਦੀ ਮੈਂ
ਸੋਚਿਆ ਨਾ ਸੀ
ਕਿ
ਅਟਕਾਂਗਾ
ਤੇਰੇ
ਰੁਖ਼ਸਾਰ ਤੇ
ਮੈਂ ਅੱਥਰੂ ਬਣ ਕੇ
ਅਤੇ
ਫਿਰ ਚਿਪਕ ਜਾਵਾਂਗਾ
ਤੇਰੇ
ਹੋਠਾਂ ਤੇ ਬਣ ਹਉਕਾ

ਗਿਲਾ ਤੇਰਾ
ਇਹ ਵਾਜਿਬ ਹੈ
ਕਿ ਮਹਿਕੋਂ
ਸਖਣੇ ਫੁੱਲ ਖ਼ਾਤਿਰ
ਮੈਂ ਖ਼ਾਰਾਂ ਨੂੰ
ਗਲੇ ਲਾਇਆ

ਇਹ ਕੀ
ਕਾਫ਼ੀ ਨਹੀਂ ਏਨਾ

ਘੜੇ ਕੱਚੇ ਦੇ
ਦਿਲ ਉੱਤੇ
ਤੂੰ ਅਪਣਾ
ਦਿਲ ਨਹੀਂ ਧਰਿਆ
ਤੂੰ ਅਧ
ਵਿਚਕਾਰ ਨਬ੍ਹੀਂ ਡੁੱਬੀ
ਮੈਂ ਅਧ
ਵਿਚਕਾਰ ਡੁਬਿਆ ਹਾਂ।


ਇਹ ਕੀ
ਕਾਫ਼ੀ ਨਹੀਂ ਏਨਾ
ਤੂੰ ਤਪਦੇ
ਥਲ ਨਹੀਂ ਛਾਣੇ

ਸ਼ਰਾਬੀ ਕਰ
ਮੇਰੇ ਭਾਈਆਂ
ਕਿਸੇ ਡਾਚੀ ਦੀ
ਪਿੱਠ ਉੱਤੇ
ਅਸਾਡਾ ਪਿਆਰ
ਨਬ੍ਹੀਂ ਲੱਦਿਆ
ਅਤੇ ਫਿਰ
ਇਸ਼ਕ ਸਾਡੇ ਨੇ
ਕੋਈ ਹਾਸ਼ਿਮ
ਨਹੀਂ ਜਣਿਆਂ



ਗਿਲਾ ਤੇਰਾ
ਇਹ ਵਾਜਿਬ ਹੈ
ਕਿ ਛੋਟੀ
ਜ਼ਿੰਦਗੀ ਨਾਲੋਂ
ਮੈਂ ਲੰਮੀ
ਮੌਤ ਅਪਣਾਈ

ਇਹ ਕੀ
ਕਾਫ਼ੀ ਨਹੀਂ ਏਨਾ



ਤੂੰ ਮੇਰੇ
ਤੀਰ ਨਬ੍ਹੀਂ ਤੋੜੇ
ਮੈਂ ਤੇਰੇ
ਵੀਰ ਨਬ੍ਹੀਂ ਮਾਰੇ
ਤੇ ਤੂੰ
ਜੰਡ ਹੇਠ ਬਹਿ ਕੇ
ਆਪਣਾ
ਚੂੜਾ ਨਹੀਂ ਭੰਨਿਆ

ਤੇਰੇ
ਚੂੜੇ ਦੀ
ਸਹੁੰ ਮੈਨੂੰ

ਕਦੀ ਮੈਂ
ਸੋਚਿਆ ਨਾ ਸੀ

ਕਿ ਅਟਕਾਂਗਾ
ਤੇਰੇ ਰੁਖ਼ਸਾਰ
ਤੇ ਮੈਂ
ਅੱਥਰੂ ਬਣ ਕੇ
ਅਤੇ ਫਿਰ
ਚਿਪਕ ਜਾਵਾਂਗਾ
ਤੇਰੇ
ਹੋਠਾਂ ਤੇ
ਬਣ ਹਉਕਾ





## ਸਰਾਪੀ ਜ਼ਿੰਦਗੀ

ਜਦੋਂ
ਦਿਨ ਰਾਤ
ਸੜਕਾਂ ਤੇ
ਤੁਸੀਂ
ਸਿਰ ਭਾਰ ਚੱਲੋਗੇ
ਅਤੇ
ਸਰਾਪੇ
ਸੁਪਨਿਆਂ ਦੇ
ਸੀਨਿਆਂ ਤੇ
ਜ਼ਖ਼ਮ ਵੇਖੋਗੇ
ਤੇ ਵੇਖੋਗੇ
ਸਮੇਂ ਸਿਰ
ਮਿਹਨਤਾਨਾ
ਨਾ ਮਿਲਣ ਕਾਰਨ
ਕਿ ਮਧ ਪ੍ਰਦੇਸ਼
ਤੋਂ ਆਈ
ਕੁੜੀ ਦਾ
ਰੁਕ ਗਿਆ ਗਉਣਾ।
ਜਾਂ ਗਉਣੇ ਤੋਂ
ਕਿਤੇ ਪਹਿਲਾਂ
ਹੀ ਬਣ ਜਾਣਾ
ਭਰੀ ਔਰਤ

ਜਦੋਂ
ਦਿਨ ਰਾਤ
ਸੜਕਾਂ ਤੇ
ਤੁਸੀਂ
ਸਿਰ ਭਾਰ ਚੱਲੋਗੇ

ਅਨੇਕਾਂ
ਨਕਸ਼ ਵੇਖੋਗੇ
ਤੁਸੀਂ
ਪੱਥਰ ਤੇ ਬਜਰੀ 'ਚੋਂ
ਜਿਨ੍ਹਾਂ ਨੂੰ
ਗਰਮ ਲੁੱਕ ਹੇਠਾਂ
ਦਬਾਇਐ
ਫੇਰ ਕੇ ਰੋਲਰ
ਦਿਸਣਗੇ
ਲੁੱਕ ਦੇ ਧੂੰਏਂ 'ਚੋਂ
ਜਦੋਂ
ਪਿੰਜਰ ਮਨੁੱਖਾਂ ਦੇ
ਤਾਂ
ਕਾਲੀ ਸੜਕ ਵੀ ਥੋਨੂੰ
ਨਜ਼ਰ ਫਿਰ
ਲਾਲ ਆਵੇਗੀ

ਜਦੋਂ
ਰਾਤਾਂ ਨੂੰ
ਸੜਕਾਂ ਤੇ



ਤੁਸੀਂ
ਸਿਰ ਭਾਰ ਚੱਲੋਗੇ

ਤਾਂ
ਦੁਧੀਆ ਰਾਤ ਵਿਚ
ਦੁੱਧਾਂ ਦੇ ਫਿਰ
ਕਾਤਿਲ ਪਛਾਣੋਗੇ
ਤੇ ਸੋਚੋਗੇ
ਕਿ ਚਿੱਟੇ ਦਿਨ
ਅਤੇ
ਰਾਤਾਂ 'ਚ
ਕੀ ਅੰਤਰ
ਦਿਨੇ ਜੋ
ਰੈਸਤੋਰਾਂ ਵਿਚ
ਉਹ ਰਾਤੀਂ
ਸੜਕ ਕੰਢੇ ਹੈ

ਜਦੋਂ
ਦਿਨ ਰਾਤ
ਸੜਕਾਂ ਤੇ
ਤੁਸੀਂ
ਸਿਰ ਭਾਰ
ਚੱਲੋਗੇ
ਤਾਂ ਵੇਖੋਗੇ
ਟਰੱਕਾਂ ਲਾਰੀਆਂ ਦੀ
ਰਾਤ ਨੂੰ

ਸ਼ੂਕਰ ਦਬਾਉਂਦੀ ਹੈ
ਕਿਨਾਰੇ ਸੜਕ ਦੇ
ਝੁਗੀਆਂ ਦੀ
ਮੱਧਮ ਰੌਸ਼ਨੀ ਵਿਚੋਂ
ਸਰਾਪੀ ਜ਼ਿੰਦਗੀ ਦੇ
ਹਾਣ ਦਾ
ਉੱਗਦਾ ਨਗ਼ਮਾ





## ਇਲਜ਼ਾਮ

ਚਲੋ ਜੇ
ਜੂਨ ਹੰਝੂ ਦੀ
ਹੰਢਾ ਕੇ
ਤੇਰੀ
ਬੁੱਕਲ 'ਚ ਹੀ ਮੈਂ
ਕਿਰ ਗਿਆ ਹਾਂ

ਖ਼ਬਰ ਤਕ ਤਾਂ
ਨਹੀਂ ਹੋਈ
ਕਿਸੇ ਨੂੰ

ਕੋਈ ਸਾਜਿਸ਼
ਮੁਹੱਬਤ
ਹੋ ਨਹੀਂ ਸਕਦੀ
ਤੇ ਮੇਰੇ
ਪਿਆਰ ਨੂੰ
ਸਾਜਿਸ਼
ਕਹੇਂ ਤੂੰ

ਜਦੋਂ ਵੀ
ਖੁੱਲ੍ਹੀਆਂ

ਅੱਖਾਂ ਦੀ ਤੰਗੀ
ਕਿਸੇ
ਸੁਪਨੇ ਨੂੰ
ਫਾਂਸੀ ਤੇ ਚੜ੍ਹਾਵੇ
ਕਿਸੇ ਦੀ
ਚਾਨਣੀ ਦੇ
ਖ਼ੂਨ ਦੇ ਵਿਚ
ਜਦੋਂ ਵੀ
ਰਾਤ ਹੈ
ਨ੍ਹਾਉਂਦੀ ਕਿਸੇ ਦੀ

ਨਸੀਬੀਂ
ਅੰਤ ਇਹ
ਮਿਲਦੈ ਕਿਸੇ ਨੂੰ


ਮੇਰੇ ਇਸ
ਅੰਤ ਤੇ ਤਾਂ
ਮੁਸਕਰਾ ਲੈ

ਚਲੋ ਮੈਂ
ਜੂਨ ਹੰਝੂ ਦੀ
ਹੰਢਾ ਕੇ
ਤੇਰੀ
ਬੁੱਕਲ 'ਚ ਹੀ ਜੇ
ਕਿਰ ਗਿਆ ਹਾਂ
ਖ਼ਬਰ ਤਕ ਤਾਂ




ਨਹੀਂ ਹੋਈ
ਕਿਸੇ ਨੂੰ

ਤੂੰ
ਇਹ ਵੀ
ਸੋਚ ਕੇ ਮੈਂ
ਨਹੀਂ ਹਾਂ
ਚਿਪਕਿਆ
ਦਾਮਨ ਤੇ ਤੇਰੇ
ਕੋਈ
ਇਲਜ਼ਾਮ ਬਣ ਕੇ।



## ਬੇ-ਨਾਮ ਰਿਸ਼ਤਾ

ਰਿਸ਼ਤਿਆਂ ਦੇ
ਇਸ ਝੁਰਮਟ ਵਿਚ
ਅਸੀਂ ਆਪਣੇ
ਸੰਬੰਧਾਂ ਨੂੰ
ਕਿਸ ਰਿਸ਼ਤੇ ਦਾ
ਨਾਮ ਦਈਏ




ਇਸ
ਯੁਗ ਦੀਆਂ
ਨਜ਼ਰਾਂ ਵਿਚ
ਕੋਈ ਵੀ ਤਾਂ ਰਿਸ਼ਤਾ
ਪਵਿੱਤਰ ਨਹੀਂ ਰਿਹਾ

ਤੂੰ
ਨਹੀਂ ਜਾਣਦੀ
ਇਸ
ਯੁਗ ਦੇ ਲੋਕ
ਰਿਸ਼ਤਿਆਂ ਨੂੰ
ਕਿਸੇ ਦੇ
ਸੰਬੰਧਾਂ ਨਾਲ ਨਹੀਂ
ਆਪਣੀਆਂ



ਵਾਸ਼ਨਾਤਮਿਕ
ਨਿਗਾਹਾਂ ਨਾਲ
ਤੋਲਦੇ ਹਨ

ਤਾਂ
ਫੇਰ ਆਪਾਂ
ਆਪਣੇ
ਸੰਬੰਧਾਂ ਨੂੰ
ਮਾਂ-ਪੁੱਤ
ਭੈਣ-ਭਰਾ-
ਆਸ਼ਕ-ਮਾਸ਼ੂਕ
ਮਹਿਬੂਬ-ਮਹਿਬੂਬਾ
ਪਤੀ-ਪਤਨੀ
ਜਾਂ ਫਿਰ
ਦੋਸਤੀ
ਕਿਸ ਰਿਸ਼ਤੇ ਦਾ
ਨਾਮ ਦਈਏ




ਸਭ ਰਿਸ਼ਤੇ
ਇਸ
ਯੁਗ ਦੀਆਂ
ਨਜ਼ਰਾਂ ਵਿਚ
ਬਦਨਾਮ ਹਨ

ਪਰ ਤੂੰ
ਡਰ ਨਹੀਂ
ਚਲ ਆਪਾਂ

ਇਕ ਦੂਜੇ ਦੇ
ਦੁੱਖ ਵੰਡਾਈਏ
ਇਕ ਦੂਜੇ ਦਾ
ਦਰਦ ਹੰਢਾਈਏ
ਇਕ ਦੂਜੇ ਦਾ
ਜੀਵਨ ਜੀਵੀਏ
ਇਕ ਦੂਜੇ ਦੀ
ਮਰਨੀ ਮਰੀਏ
ਅਤੇ
ਆਪਣਾ ਰਿਸ਼ਤਾ
ਬੇ-ਨਾਮ
ਰੱਖੀਏ

ਬੇ-ਨਾਮ ਰੱਖੀਏ
ਆਪਣਾ ਰਿਸ਼ਤਾ





# ਸ਼ਾਇਦ ਤੈਨੂੰ ਨਹੀਂ ਪਤਾ

ਸ਼ਾਇਦ
ਤੈਨੂੰ ਨਹੀਂ ਪਤਾ
ਕਿ ਤੇਰਾ
ਗੁਮਕਦੀ
ਪੌਣ ਵਾਂਗ ਆਉਣਾ
ਅਤੇ ਫਿਰ
ਹਨੇਰੀ ਵਾਂਗ
ਚਲੇ ਜਾਣਾ
ਭਾਵੇਂ
ਇਹਨਾਂ
ਪਗਡੰਡੀਆਂ 'ਚੋਂ
ਤੇਰੀਆਂ
ਪੈੜਾਂ ਦੇ ਨਿਸ਼ਾਨ
ਨਾ ਦਿਸਣ ਦੇਵੇ

ਪਰ
ਅਹਿਸਾਸਾਂ
ਦੇ ਬੱਦਲ
ਜੋ
ਬਿਨਾਂ ਵਰ੍ਹਿਆਂ

ਹੀ
ਖਿੱਲਰ ਗਏ
ਜੀਵਨ ਦੀ
ਸਵੇਰ ਵਿਚ
ਧੁੰਦ ਦਾ
ਕਾਰਨ ਤਾਂ
ਬਣਨਗੇ ਹੀ

ਸ਼ਾਇਦ
ਤੈਨੂੰ ਨਹੀਂ ਪਤਾ
ਕਿ
ਕਿਸੇ ਵੱਲ
ਮੁਸਕਰਾ ਕੇ
ਵੇਖਣਾ ਵੀ
ਭਾਵੇਂ
ਕਿਸੇ ਹਾਦਸੇ ਤੋਂ
ਘੱਟ ਨਹੀਂ ਹੁੰਦਾ

ਪਰ
ਜ਼ਿੰਦਗੀ ਦੀ
ਗ਼ਜ਼ਲ
ਗਾਉਂਦਿਆਂ ਗਾਉਂਦਿਆਂ
ਆਵਾਜ਼ ਦਾ
ਇਕ ਦਮ



ਗੂੰਗਾ ਹੋ ਜਾਣਾ ਵੀ
ਬੜਾ
ਖ਼ੌਫ਼ਨਾਕ
ਹਾਦਸਾ ਹੁੰਦਾ ਹੈ

ਸ਼ਾਇਦ
ਤੈਨੂੰ ਨਹੀਂ ਪਤਾ
ਦੋਸਤੀ ਦੇ ਘੋੜੇ ਨੂੰ
ਸਰਪਟ ਦੌੜਾਨ ਨਾਲੋਂ
ਦੁੜਕੀ ਚਾਲੇ ਰੱਖਣਾ
ਘੋੜੇ
ਅਤੇ
ਆਪਣੇ
ਦੋਹਾਂ ਲਈ ਹੀ
ਲਾਹੇਵੰਦ
ਹੁੰਦਾ ਹੈ

ਅਤੇ
ਕਿੱਲਿਆਂ ਨਾਲ
ਬੰਨੀਆਂ ਯਾਰੀਆਂ
ਤਾਂ ਬੱਸ
ਖਲੋਤੇ
ਪਾਣੀਆਂ ਵਾਂਗ
ਹੁੰਦੀਆਂ ਨੇ

ਵਕਤ ਦੇ
ਚੁਮਾਸੇ
ਝੱਟ ਇਹਨਾਂ ਵਿਚ
ਬਦਬੋ
ਭਰ ਦਿੰਦੇ ਨੇ

ਮੈਨੂੰ
ਇਹ ਅਹਿਸਾਸ ਸੀ
ਸ਼ਾਇਦ
ਤੈਨੂੰ ਨਹੀਂ ਪਤਾ

ਤੂੰ ਤੇ
ਸੋਚਿਆ ਹੋਵੇਗਾ
ਕਿ
ਤਿੜਕੇ ਹੋਏ
ਭਾਂਡੇ ਨੂੰ
ਠੀਕਰੀਆਂ ਕਰਕੇ
ਸੁੱਟ ਦੇਣਾ
ਸ਼ੁਭ ਸ਼ਗਨ ਏ

ਪਰ
ਤਿੜਕੇ ਹੋਏ
ਭਾਂਡਿਆਂ ਨੂੰ ਵੀ
ਵਰਤੋਂ ਵਿਚ




ਲਿਆਉਣਾ
ਅਸ਼ੁੱਭ
ਨਹੀਂ ਹੁੰਦਾ

ਇਹ
ਮੈਂ ਜਾਣਦਾ ਹਾਂ
ਸ਼ਾਇਦ
ਤੈਨੂੰ ਨਹੀਂ ਪਤਾ
ਸ਼ਾਇਦ
ਤੈਨੂੰ ਨਹੀਂ ਪਤਾ



# ਅਹਿਸਾਸ

ਜਦੋਂ
ਮਨੁੱਖ ਨੂੰ
ਆਪਣੀ ਹੋਂਦ ਦਾ
ਅਹਿਸਾਸ ਹੀ
ਖ਼ਤਮ ਹੋ ਜਾਵੇ
ਉਦੋਂ
ਉਹ ਟੁੱਟੇ ਹੋਏ
ਤਾਰਿਆਂ ਵਰਗਾ
ਹੀ ਨਹੀਂ
ਪੱਤੀ ਪੱਤੀ ਹੋਏ
ਫੁੱਲ ਦੇ
ਸਿਵੇ ਵਰਗਾ
ਵੀ
ਲਗਦਾ ਏ।






# ਮੈਨੂੰ ਤਾਂ ਪਤਾ ਸੀ

ਮੈਨੂੰ ਤਾਂ ਪਤਾ ਸੀ
ਕਿ ਤੂੰ
ਨਹੀਂ ਮਰੇਂਗੀ
ਅਤੇ
ਮਰਾਂਗਾ
ਮੈਂ ਵੀ ਨਹੀਂ
ਕਿਉਂਕਿ ਅਸੀਂ
ਬੁਜ਼ਦਿਲਾਂ ਦੀ
ਕਤਾਰ ਵਿਚ ਨਹੀਂ
ਹੱਕਾਂ ਦੀ ਖ਼ਾਤਿਰ
ਲੜਨ ਵਾਲਿਆਂ ਦੀ
ਲਾਮ ਵਿਚ
ਸ਼ਾਮਿਲ ਸਾਂ

ਇਹ ਤਾਂ
ਉਹਨਾਂ ਦਾ
ਭਰਮ ਹੀ ਸੀ
ਕਿ
ਕਿਸੇ ਨੂੰ
ਮਾਰ ਦੇਣ ਨਾਲ
ਉਹ



ਖ਼ਤਮ ਹੋ ਜਾਂਦੈ
ਪਰ
ਸਾਨੂੰ ਤਾਂ
ਪਤਾ ਸੀ ਨਾ
ਕਿ
ਜਦੋਂ ਕੋਈ
ਪੂਰਨ ਰੁੱਖ
ਬਣ ਜਾਂਦੈ
ਉਸ ਨੂੰ ਭਾਵੇਂ
ਜਿੰਨਾ ਮਰਜ਼ੀ
ਡੂੰਘੀਆਂ ਜੜ੍ਹਾਂ ਤੋਂ
ਪੁਟਿਆ ਜਾਵੇ
ਉਸ ਦਾ
ਬੀਜ ਨਾਸ
ਨਹੀਂ ਹੁੰਦਾ।
ਮੈਨੂੰ ਤਾਂ
ਇਹ ਪਤਾ ਸੀ
ਕਿ ਤੂੰ
ਨਹੀਂ ਮਰੇਂਗੀ
ਅਤੇ
ਮਰਾਂਗਾ
ਮੈਂ ਵੀ ਨਹੀਂ





?......

ਵੇਖਦੀਆਂ ਹਨ
ਤੇਰੀਆਂ ਅੱਖਾਂ
ਵੇਖਦੀਆਂ ਹਨ
ਮੇਰੀਆਂ ਅੱਖਾਂ

ਫੁਟਪਾਥਾਂ ਤੇ
ਚਾਦਰ ਤਾਣੀ
ਬਿਜਲੀ ਦੇ
ਚਾਨਣ ਦੇ ਥੱਲੇ
ਸੁੱਤੇ ਕਿਸ
ਧਰਤੀ ਦੇ ਆਦਮ
ਜਿਨ੍ਹਾਂ ਦੇ ਸਿਰ
ਕੁਤਿਆਂ ਮੱਲੇ
ਅਤੇ
ਬੱਚੀ ਨੂੰ ਉਹ
ਡਰ ਦਿੰਦੀ ਹੈ
ਬਿੱਲੀ ਦਾ
ਕੁਤਿਆਂ ਦੇ ਹੁੰਦੇ

'ਮੋਮੀ ਫਲ'
ਉਸ ਦੇ ਮੂੰਹ ਪਾ ਕੇ
ਸੌਂ ਜਾਣ ਲਈ
ਅੱਖਾਂ ਮੁੰਦੇ

ਫਲ ਦੇ ਵਿਚ ਤਾਂ
ਰਸ ਨਹੀਂ ਹੈ
ਸਬਜ਼ ਕੋਈ ਵੀ
ਨਸ ਨਹੀਂ ਹੈ

ਚਪਕ ਚਪਕ
ਜਾਂ
ਝੱਟ ਕੁ ਕਰਿਆ
ਸੁੱਕੇ ਫਲ 'ਚੋਂ
ਕੁਝ ਨਾ ਝੜਿਆ

ਚੀਖ਼ ਕਿ ਉਸ
ਭੋਲੀ ਸੂਰਤ ਨੇ
ਫੋਕੇ ਫਲ ਤੇ
ਦੰਦੀ ਵੱਢੀ
ਵਖ਼ਤਾਂ ਮਾਰੀ
ਮਾਂ ਨੇ ਖਿਝ ਕੇ



ਗੰਦੀ ਜੇਹੀ
ਗਾਲ੍ਹ ਹੈ ਕੱਢੀ
ਜਾਂ ਤੇ ਹੈ ਇਹ
ਤੈਨੂੰ ਕੱਢੀ
ਜਾਂ ਫਿਰ ਹੈ ਇਹ
ਮੈਨੂੰ ਕੱਢੀ
ਜਾਂ ਉਸ ਆਪਣੀ
ਜਾਤ ਨੂੰ ਕੱਢੀ
ਜਾਂ ਇਸ ਭੈੜੀ
ਰਾਤ ਨੂੰ ਕੱਢੀ

ਨਹੀਂ ਕਿਸੇ
ਹਮਰਾਜ ਨੂੰ ਕੱਢੀ
ਇਹ ਤਾਂ ਏਸ
ਸਮਾਜ ਨੂੰ ਕੱਢੀ

ਜਿਸ ਵਿਚ ਤੂੰ ਵੀ
ਜਿਸ ਵਿਚ ਮੈਂ ਵੀ

ਵੇਖਦੀਆਂ ਹਨ
ਤੇਰੀਆਂ ਅੱਖਾਂ

ਵੇਖਦੀਆਂ ਹਨ
ਮੇਰੀਆਂ ਅੱਖਾਂ

ਨਾਜ਼ੁਕ ਜੇਹੀ
ਭੋਲੀ ਭਾਲੀ
ਤੇਰਾਂ ਕੁ
ਵਰ੍ਹਿਆਂ ਦੀ ਛੋਰ੍ਹੀ
ਪੈਸਾ ਪੈਸਾ
ਮੰਗਦੀ ਫਿਰਦੀ
ਅੰਨ੍ਹੇ ਪਿਉ ਦੀ
ਫੜ੍ਹ ਡੰਗੋਰੀ

ਮੇਰੇ ਪਿੰਡ ਦੀ
ਏਸ ਕੁੜੀ ਜਾਂ
ਜੋਬਨ ਰੁੱਤ ਦਾ
ਪਿਆਲਾ ਭਰਿਆ
ਪੈਰ ਗਿਆ ਫਿਰ
ਬਦਕਿਸਮਤ ਦਾ
ਅੰਗਿਆਰਾਂ ਦੇ
ਉੱਤੇ ਧਰਿਆ



ਮਾਰ ਗਈ
ਉਸ ਨੂੰ
ਨਾਦਾਨੀ
ਲੁੱਟੀ ਗਈ
ਮਜਬੂਰ
ਜਵਾਨੀ
ਪਰ
ਕਿਹੜਾ ਜ਼ਰਦਾਰਾਂ
ਦੀ ਧੀ ਹੈ
ਇਸ ਦੀ ਇੱਜ਼ਤ
ਦਾ ਤਾਂ ਕੀ ਹੈ

ਪੈਰੋਂ ਨੰਗੀ
ਸਰਦੀ ਰੁੱਤੇ
ਮੋਢੇ ਕੋਲੋਂ
ਕੁੜਤੀ ਪਾਟੀ
ਖੱਬੇ ਹੱਥ
ਬਾਪੂ ਦੀ ਸੋਟੀ
ਸੱਜੇ ਹੱਥ
ਸਿਲਵਰ ਦੀ ਬਾਟੀ

ਬੀਬੀ ਕਹਿ
ਨੀਵੀਂ ਪਾ ਲੈਂਦੀ
ਮੁੱਠ ਆਟਾ
ਲੈ ਕੇ ਤੁਰ ਪੈਂਦੀ
ਹਰ ਵੇਲੇ
ਭੁੱਖੀ
ਅੱਖ ਕੋਈ
ਉਸ ਦਾ ਪਿੱਛਾ
ਕਰਦੀ ਰਹਿੰਦੀ
ਉਫ਼!

ਦਿਨ ਨੂੰ ਨਿਕਲੇ
ਤਾਰੇ ਜਾਪਣ
ਪੈਰ ਉਹਦੇ ਜਦ
ਭਾਰੇ ਜਾਪਣ

ਉਹਨਾਂ ਦੇ
ਕੀ ਦਿਲ ਤੇ ਗੁਜ਼ਰੂ
ਜਿੰਨ੍ਹਾਂ ਇਹ
ਮੁਟਿਆਰ ਜਣੀ ਹੈ
ਇਹ ਜਾਨਣਗੇ



ਜਦ ਦੁਖਿਆਰੇ
ਉਹਨਾਂ ਦੀ ਕੰਜਕ
ਮਾਤ ਬਣੀ ਹੈ

ਜੇਕਰ ਮਰੇ ਨਾ
ਹਉਕਾ ਲੈ ਕੇ
ਫਾਹਾ ਲੈ ਕੇ
ਮਰ ਜਾਵਣਗੇ
ਫਿਰ ਇਹਦੇ ਤੇ
ਕੀ ਬੀਤੇਗੀ
ਉਹ ਤਾਂ
ਅਗਲੇ
ਘਰ ਜਾਵਣਗੇ

ਫਿਰ
ਸੁੱਟ ਕੇ ਸਿਲਵਰ
ਦੀ ਬਾਟੀ ਨੂੰ
ਕੋਠੇ ਦੇ ਵਿਚ
ਬਹਿ ਜਾਵੇਗੀ
ਫੇਰ ਅਭਾਗਣ
ਜੀਵਨ ਭਰ ਹੀ
ਕੋਠੇ ਜੋਗੀ

ਰਹਿ ਜਾਵੇਗੀ
ਫਿਰ
ਤੂੰ ਵੀ ਇਸ ਨੂੰ
ਵਿਹੁ ਆਖੇਂਗਾ
ਮੈਂ ਵੀ ਇਸ ਨੂੰ
ਵਿਹੁ ਆਖਾਂਗਾ

ਵੇਖਦੀਐਂ ਜੋ
ਤੇਰੀਆਂ ਅੱਖਾਂ
ਵੇਖਦੀਐਂ ਜੋ
ਮੇਰੀਆਂ ਅੱਖਾਂ

ਵੇਖਦੀਆਂ ਹਨ
ਤੇਰੀਆਂ ਅੱਖਾਂ
ਵੇਖਦੀਆਂ ਹਨ
ਮੇਰੀਆਂ ਅੱਖਾਂ

ਮਿਲ ਦੀ ਦਿਉ ਕੱਦ
ਚਿੱਟੀ ਚਿਮਨੀ
ਉਗਲ ਰਹੀ ਜੋ
ਕਾਲਾ ਧੂੰਆਂ
ਇਸ ਧੂੰਏ ਸੰਗ



ਵਧ ਰਹੀਆਂ ਨੇ
ਮਾਸ ਚਰਨੀਆਂ
ਇਹ ਚਮ-ਜੂੰਆਂ

ਕਾਲੇ ਕੱਪੜਿਆਂ
ਵਿਚ ਚਿੱਟੀਆਂ
ਜੂੰਆਂ ਦਾ ਦਲ
ਸਰਕ ਰਿਹਾ ਹੈ
ਕਿਸਮਤ ਵਾਂਗੂ
ਲੀਰਾਂ ਹੋਈ
ਝੱਗੀ ਹਰ ਕੋਈ
ਖੁਰਕ ਰਿਹਾ ਹੈ

ਰਾਤ ਦੀ ਰੋਟੀ
ਨੂੰ ਜੋ ਲੋਚਣ
ਇਸ ਦਾ ਦਾਰੂ
ਉਹ ਕਿੰਜ ਸੋਚਣ

ਜਦ ਮਿਲ ਜਾਵੇ
ਅੰਤ ਖਲਾਸੀ
ਸਮਝਣ ਮੁੱਕੀ
ਜੂਨ ਚੁਰਾਸੀ

ਏਸ ਅੰਗੂਰੀ
ਵੇਲ ਤੇ ਰਹਿਣੀ
ਅੰਬਰ ਵੇਲ
ਜਦੋਂ ਤਕ ਛਾਈ
ਭੈਣ ਰਹੂ
ਤਕੜੇ ਦੀ ਵਹੁਟੀ
ਮਾੜੇ ਦੀ
ਸਭ ਦੀ ਭਰਜਾਈ
ਹੁਣ
ਤੋੜ ਰਹੇ
ਵਿਚਕਾਰ ਯਰਾਨੇ
ਸਾਡੀਆਂ
ਝੁਗੀਆਂ
ਦੋ ਹੀ ਕਾਨੇ

ਚਾਰ ਚੁਫੇਰੇ
ਬਣ ਗਈ ਭਾਰੀ
ਵਿਕਦੇ ਜਾਂਦੇ
ਵਾਰੋ ਵਾਰੀ

ਵਿਕਣ ਵਾਲਿਓ
ਸੁਣੋ ਭਰਾਵੋ



ਮਰਨ ਵਿਕਣ ਤੇ
ਜ਼ੋਰ ਨਾ ਲਾਵੋ
ਮੁਰਦਾਘਾਟਾਂ ਤੇ
ਜਾ ਜਾ ਕੇ
ਇਉਂ ਨਾ ਸੀਟਾਂ
ਬੁੱਕ ਕਰਾਵੋ

ਉਹਨਾਂ ਦਾ ਕੋਈ
ਹੋਰ ਖ਼ੁਦਾ ਹੈ
ਅਪਣਾ ਕੋਈ
ਹੋਰ ਖ਼ੁਦਾ ਹੈ

ਜਾਣਦੀਆਂ ਹਨ
ਸਭ ਦੀਆਂ ਅੱਖਾਂ
ਜਾਣਦੀਆਂ ਹਨ
ਜਗ ਦੀਆਂ ਅੱਖਾਂ

ਵੇਖਦੀਆਂ ਹਨ
ਤੇਰੀਆਂ ਅੱਖਾਂ
ਵੇਖਦੀਆਂ ਹਨ
ਮੇਰੀਆਂ ਅੱਖਾਂ

ਅਪਣੀ ਬਸਤੀ
ਦੀ ਭੰਗਣ ਨੂੰ
ਆਵੇ ਨਿਤ ਜੋ
ਕਰਨ ਸਫ਼ਾਈ
ਝਾੜੂ ਤੇ
ਕੂੜੇ ਦਾ ਪੀਪਾ
ਨੱਕ ਵਲ੍ਹੇਟੀ
ਜਾਵੇ ਚਾਈ

ਜੀਕਣ ਹੋਵੇ
ਸੌ ਜਨਮਾਂ ਦੀ
ਉਸ ਨੂੰ ਕੋਈ
ਸਜ਼ਾ ਸੁਣਾਈ
ਪਰ
ਸੋਚ ਉਧੀ ਕਦ
ਏਦੂੰ ਅੱਗੇ
ਉਹ ਤਾਂ ਹੈ
ਭੰਗਣ ਦੀ ਜਾਈ

ਕੋਈ ਉਸ ਦੀ
ਛੂਹ ਨਾ ਪਾਂਦਾ



ਹਥ ਲਾਵੇ
ਭਾਂਡਾ ਭਿਟ ਜਾਂਦਾ

ਮੇਰੀ ਪਤਨੀ
ਦੀ ਹੈ
ਉਸ ਨੇ
ਲਾਹੀ ਹੋਈ
ਸਾੜ੍ਹੀ ਲਾਈ
ਮੇਰੇ ਬੱਚੇ
ਨੇ ਜੋ ਲਾਹੀ
ਬਾਲ ਉਦੇ ਨੇ
ਜੁੱਤੀ ਪਾਈ

ਉਸ ਦੇ ਬੱਚੇ
ਤੋਂ ਹਰ ਕੋਈ
ਏਸ ਤਰ੍ਹਾਂ ਹੈ
ਘਿਰਣਾ ਕਰਦਾ
ਜੀਕਣ ਤਪਦਿਕ
ਦੇ ਰੋਗੀ ਦੀ
ਹਰ ਕੋਈ ਰਹਿੰਦਾ
ਛੂਹ ਤੋਂ ਡਰਦਾ

ਹਿੱਕ ਉਹ
ਉਸ ਦਿਨ
ਤਾਣ ਲਵੇਗੀ
ਜਦ ਉਹ
ਖ਼ੁਦ ਨੂੰ
ਜਾਣ ਲਵੇਗੀ

ਕਿਸ ਦੇ
ਕੂੜੇ ਦੀ ਇਹ
ਬੋ ਹੈ
ਜਿਹੜੀ
ਉਸ ਦੇ
ਕੋਲੋਂ ਆਵੇ
ਦੰਮਾਂ ਨਾਲ
ਖਰੀਦੀ ਭਾਵੇਂ
ਥੋੜੀ ਬੋ
ਉਹ
ਕਿਉਂ ਹੰਢਾਵੇ

ਭੈੜ ਉਧੇ ਵਿਚ
ਹੈ ਬਸ ਏਹੋ



ਗੰਦ ਅਸਾਡਾ
ਹੈ ਉਹ ਚੁੱਕਦੀ
ਭੈੜ ਉਧੇ ਵਿਚ
ਹੈ ਬਸ ਏਹੋ
ਗੰਦ ਤੁਹਾਡਾ
ਹੈ ਉਹ ਚੁੱਕਦੀ
ਭੈੜ ਉਧੇ ਵਿਚ
ਹੈ ਬਸ ਏਹੋ
ਕੂੜਾ ਸਭ ਦਾ
ਹੈ ਉਹ ਚੁੱਕਦੀ
ਭੈੜ ਉਧੇ ਵਿਚ
ਹੈ ਬਸ ਏਹੋ,
ਕੂੜਾ ਜੱਗ ਦਾ
ਹੈ ਉਹ ਚੁੱਕਦੀ

ਵੇਖਦੀਆਂ ਹਨ
ਤੇਰੀਆਂ ਅੱਖਾਂ
ਵੇਖਦੀਆਂ ਹਨ
ਮੇਰੀਆਂ ਅੱਖਾਂ
ਵੇਖਦੀਆਂ ਹਨ
ਸਭ ਦੀਆਂ ਅੱਖਾਂ

ਵੇਖਦੀਆਂ ਹਨ
ਜੱਗ ਦੀਆਂ ਅੱਖਾਂ

ਵੇਖਦੀਆਂ ਨਹੀਂ
ਕਿਸ ਦੀਆਂ ਅੱਖਾਂ
ਵੇਖਦੀਆਂ ਨਹੀਂ
ਕਿਸ ਦੀਆਂ ਅੱਖਾਂ





## ਉਦਾਸ ਨਗ਼ਮਾ

ਉਲਫ਼ਤ ਦਾ ਸਾਜ਼ ਛੇੜੋ
ਨਗ਼ਮਾਂ ਉਦਾਸ ਹੈ

ਨਗਮਾ
ਉਦਾਸ ਹੈ ਕਿ
ਕਲੀਆਂ ਦੀ
ਮਹਿਕ ਜ਼ਖ਼ਮੀ
ਭੰਵਰਾਂ ਦੇ
ਹੋਠ ਜ਼ਖ਼ਮੀ
ਬੁਲਬੁਲ ਦੇ
ਗੀਤ ਜ਼ਖ਼ਮੀ
ਜ਼ਖ਼ਮੀ ਹੈ
ਡਾਲੀ ਡਾਲੀ
ਖ਼ਾਮੋਸ਼
ਫਿਰ ਵੀ ਮਾਲੀ

ਅੰਬਰ ਨੇ
ਹੰਝੂ ਕੇਰੇ
ਪੌਣਾ ਨੇ
ਵੈਣ ਪਾਏ
ਇਹ

ਆਲ੍ਹਣੇ ਚਮਨ ਦੇ
ਕਿਉਂ
ਹੋ ਰਹੇ ਨੇ ਖਾਲੀ

ਕਿਸ ਦਾ
ਸਰਾਪ ਲੱਗਾ
ਇਹ ਕਿਸ ਦੀ
ਬਦ-ਦੁਆ ਹੈ
ਸਾਜ਼ਾਂ ਦੇ
ਪਈਆਂ ਦੰਦਲਾਂ
ਗੀਤਾਂ ਦੇ
ਬੁਲ੍ਹ ਠਾਕੇ
ਰੋਂਦਾ ਹੈ
ਹੁਬਕੀਂ ਹੁਬਕੀਂ
ਨਗ਼ਮਾ ਉਦਾਸ ਮੇਰਾ

ਲਗਦਾ ਹੈ
ਪਾਣੀ ਉੱਤੇ
ਵੱਜੀ ਕਿ
ਲੀਕ ਵੱਜੀ
ਲਗਦੈ
ਹਵਾ ਨੂੰ ਕੋਈ
ਹੁਣ
ਦੇ ਰਿਹਾ ਹੈ ਗੰਢਾਂ
ਲਗਦਾ ਹੈ
ਝਰਨਿਆਂ ਨੇ



ਜਿਉਂ
ਖ਼ੁਦਕੁਸ਼ੀ ਹੈ ਕਰਨੀ

ਡਰ
ਝਰਨਿਆਂ ਨੂੰ
ਹੈ ਹੁਣ
ਸੰਗੀਤ
ਡੁਬ ਮਰੇਗਾ
ਪਰ ਕਿੱਥੇ
ਡੁਬ ਮਰੇ ਹੁਣ
ਮੇਰਾ ਉਦਾਸ ਨਗ਼ਮਾ



# ਤੂੰ ਤੇ ਕਦੀ ਸੋਚਿਆ

ਤੂੰ ਤੇ ਕਦੀ
ਸੋਚਿਆ ਵੀ
ਨਹੀਂ ਹੋਣਾ
ਕਿ
ਕਪਾਹਾਂ ਦੇ ਫੁੱਟ
ਖਿੜੇ ਦੇ ਖਿੜੇ
ਰਹਿ ਜਾਣਗੇ
ਅਤੇ
ਚੋਣੀਆਂ
ਬਹਿ ਜਾਣਗੀਆਂ
ਖੂਹ ਦੀ
ਮੌਣ ਦੁਆਲੇ
ਸੱਥਰ ਵਿਛਾ ਕੇ
ਜਾਂ
ਤੇਰੀ ਅਉਧ
ਲਮੇਰੀ ਲਈ



ਲੰਮਾ ਤੰਦ
ਪਾਉਣ ਵਾਲੀ
ਬਾਂਹ ਦਾ ਚੂੜਾ
ਉਸ ਦੀਆਂ
ਬਲੌਂਗੀ
ਅੱਖਾਂ ਵਿਚ
ਤਿੜਕ ਜਾਵੇਗਾ
ਅਤੇ
ਉਸ ਦੇ
ਨੈਣਾਂ ਦੀ
ਦੂਧੀਆ
ਪੂਰਨਮਾਸ਼ੀ
ਪਹਿਨ ਲਵੇਗੀ
ਪਲਾਂ ਵਿਚ ਹੀ
ਮੱਸਿਆ
ਦਾ ਲਿਬਾਸ
ਤੂੰ ਤੇ ਕਦੀ
ਸੋਚਿਆ ਵੀ
ਨਹੀਂ ਹੋਣਾ

ਕਿ ਤੇਰੇ
ਤੁਰ ਜਾਣ ਦੇ ਪਿਛੋਂ
ਦੋਸਤੀਆਂ ਦੇ
ਅਰਥ ਹੀ
ਬਦਲ ਜਾਣਗੇ
ਅਤੇ
ਤੇਰੇ ਘਰ ਵੱਲ
ਆਉਂਦੀਆਂ
ਸਭ ਸੜਕਾਂ ਤੇ
ਜਗ ਪੈਣਗੀਆਂ
ਲਾਲ ਬੱਤੀਆਂ

ਜਾਂ
ਉੱਚੀਆਂ ਤੇ ਲੰਮੀਆਂ
ਉਡਾਨਾਂ ਭਰਨ ਵਾਲੇ
ਤੇਰੇ ਪੰਛੀ
ਖ਼ਲਾ ਵਿਚ
ਲਟਕ ਜਾਣਦਾ
ਢੌਂਗ ਰਚਣਗੇ



ਤੂੰ ਤੇ ਕਦੀ
ਸੋਚਿਆ ਵੀ
ਨਹੀਂ ਹੋਣਾ
ਕਿ ਤੇਰੇ
ਤੁਰ ਜਾਣ ਦੇ ਪਿਛੋਂ
ਤੇਰੇ ਵੱਲੋਂ
ਉਸਾਰੇ ਥੰਮ
ਤੇਰੀਆਂ
ਛੱਤਾਂ ਦਾ ਭਾਰ
ਝੱਲਣ ਤੋਂ
ਅਸਮਰਥ
ਹੋਣ ਦਾ
ਐਲਾਨ ਕਰ ਦੇਣਗੇ

ਅਤੇ ਤੇਰਾ
ਪਾਣੀ ਭਰਨ ਵਾਲੇ
ਤੇਰੇ
ਮੁਰਗਾਬੀਆਂ ਵਰਗੇ
ਬੱਚਿਆਂ ਦੇ
ਤਲਾ

ਸੁਕਾ ਦੇਣ ਦਾ ਵੀ
ਯਤਨ ਕਰਨਗੇ

ਤੂੰ ਤੇ ਕਦੀ
ਸੋਚਿਆ ਵੀ
ਨਹੀਂ ਹੋਣਾ
ਕਿ
ਜਾਣ ਲੱਗਾ
ਆਪਣੇ ਉਦਾਲੇ
ਇਕੱਠੇ ਕੀਤੇ
ਹਾਦਸਿਆਂ ਦੇ
ਹਜੂਮ ਵਿਚੋਂ
ਚੁੱਪ ਕਰਕੇ
ਨਿਕਲ ਕੇ
ਸਾਡੇ ਲਈ
ਇਸ ਤਰ੍ਹਾਂ
ਹਾਦਿਸੇ ਤਕਸੀਮ
ਕਰ ਜਾਵੇਂਗਾ
ਕਿ ਜੀਵਨ
ਅਤੇ



ਹਾਦਸਿਆਂ ਦੇ
ਅੰਤਰ ਲੱਭਣੇ ਹੀ
ਖ਼ੁਦ ਹਾਦਿਸੇ
ਬਣ ਜਾਣਗੇ
ਤੂੰ ਤੇ ਕਦੀ
ਸੋਚਿਆ ਵੀ
ਨਹੀਂ ਹੋਣਾ



## ਉੱਠ ਨੀ ਜਿੰਦੇ

ਇਉਂ ਨਾ
ਸੋਚ ਹਨੇਰੀ ਗਾਲ
ਉੱਠ ਨੀ ਜਿੰਦੇ
ਦੀਵਾ ਬਾਲ

ਲੋਭੀ ਸਾਂਝਾਂ
ਸਭ ਅਪਣਾਈਆਂ
ਹੋ ਰਹੀਆਂ
ਸਿਆਸੀ ਕੁੜਮਾਈਆਂ
ਕੌਣ ਕਿਸੇ ਦਾ
ਦਰਦ ਵਿਹਾਜੇ
ਆਥਣ ਉੱਗਣ
ਛੱਡ ਛਡਾਈਆਂ

ਕੌਣ ਕਿਸੇ ਦਾ
ਕੀ ਲਗਦਾ ਏ
ਸਾਂਝਾਂ ਦਾ
ਪੈ ਗਿਆ ਏ ਕਾਲ
ਉੱਠ ਨੀ ਜਿੰਦੇ
ਦੀਵਾ ਬਾਲ



ਰਿਸ਼ਤੇ ਸਿਆਸੀ
ਕਰਨ ਹੋ ਗਏ
ਰੂਹਾਂ ਦੇ ਦਿਲ
ਮਰਨ ਹੋ ਗਏ
ਇਕ ਰਾਵਣ ਨੂੰ
ਮਾਰਨ ਬਦਲੇ
ਕਿੰਨੇ ਸੀਤਾ
ਹਰਨ ਹੋ ਗਏ

ਰਾਮ ਤੋਂ
ਚੋਰੀ ਚੋਰੀ
ਰਲ ਗਿਆ
ਹਨੂਮਾਨ
ਰਾਵਣ ਦੇ ਨਾਲ
ਉੱਠ ਨੀ ਜਿੰਦੇ
ਦੀਵਾ ਬਾਲ

ਘਰ ਤੇ ਉਹ
ਹਨੇਰੀ ਝੁੱਲ ਗਈ
ਸਭ ਨੂੰ
ਅਸਲੀ ਗੱਲ
ਹੀ ਭੁੱਲ ਗਈ
ਬੇਰੰਗੇ
ਲੋਕਾਂ ਦੀ
ਸੂਰਤ

ਰੰਗਾਂ ਵਿਚ
ਅਜੇਹੀ ਘੁੱਲ ਗਈ

ਰੰਗ ਬਰੰਗੇ
ਲੋਕਾਂ ਵਿਚੋਂ
ਅਪਣੀ ਵੀ
ਔਖੀ ਹੈ ਭਾਲ
ਉੱਠ ਨੀ ਜਿੰਦੇ
ਦੀਵਾ ਬਾਲ

ਦਿਨ ਨੂੰ ਆਖਣ
ਰਾਤ ਹਨੇਰੀ
ਐਨੀ ਵੱਡੀ
ਹੇਰਾ ਫੇਰੀ
ਸੂਰਜ ਸਾਰੇ
ਚੁੱਪ ਚੁਪੀਤੇ
ਚੰਦਰਮਾ ਸਭ
ਘੁੰਮਣਘੇਰੀ

ਧਰਤੀ ਗੁੰਮ ਸੁੰਮ
ਘੁੰਮੀ ਜਾਵੇ
ਕੌਣ ਕਰੇਗਾ
ਸੱਚ ਦੀ ਭਾਲ
ਉੱਠ ਨੀ ਜਿੰਦੇ
ਦੀਵਾ ਬਾਲ



ਕਿਨ
ਵੈਦਾਂ ਦਾ
ਸੰਗ ਹੋ ਗਿਆ
ਸੋਚਾਂ ਨੂੰ
ਅਧਰੰਗ
ਹੋ ਗਿਆ
ਹਰ ਖ਼ਾਹਿਸ਼
ਦਾ
ਖ਼ਾਹਿਸ਼ ਰੁੱਤੇ
ਪੀਲਾ ਪੀਲਾ
ਰੰਗ ਹੋ ਗਿਆ

ਮੁਰਦਾ ਮੁਰਦਾ
ਰੰਗਾਂ ਵਿਚੋਂ
ਚਲ
ਤੂੰ ਹੀ
ਜਿੰਦਾ ਰੰਗ ਭਾਲ
ਉੱਠ ਨੀ ਜਿੰਦੇ
ਦੀਵਾ ਬਾਲ

ਜਦ
ਤੀਆਂ ਦੀ
ਤੀਜ ਸਜੇਗੀ
ਹੁਣ ਨਾ ਕੋਈ
ਭੀੜ ਜੁੜੇਗੀ

ਪਿੱਪਲ
ਨਾ ਹੱਸੂ
ਨਾ ਰੋਊ
ਹਰ ਟਾਹਣੀ
ਖ਼ਾਮੋਸ਼ ਰਹੇਗੀ

ਸਾਰੇ ਵਰਤ
ਅਵਰਤ ਰਹਿਣਗੇ
ਕਰ ਕਰ ਕੇ
ਕੰਜਕਾਂ ਦੀ ਭਾਲ
ਉੱਠ ਨੀ ਜਿੰਦੇ
ਦੀਵਾ ਬਾਲ

ਸੱਧਰਾਂ ਦੇ
ਸਭ
ਗੁੰਬਦ ਢਹਿ ਗਏ
ਬਿਨ ਪਾਣੀ
ਤੋਂ ਹੀ
ਘਰ ਵਹਿ ਗਏ
ਹੱਕ ਦੀ
ਕੌਣ
ਆਵਾਜ਼ ਉਠਾਵੇ
ਜਦ
ਸ਼ਾਇਰ ਹੀ
ਗਹਿਣੇ ਪੈ ਗਏ



ਸਰਕਾਰੀ
ਕਵੀਆਂ
ਵਿਚ ਤੇਰੀ
'ਪਰਦੇਸੀ'
ਗਲਣੀ
ਨਈਂ ਦਾਲ
ਉੱਠ ਤੂੰ
ਉੱਠ ਕੇ
ਦੀਵਾ ਬਾਲ
ਉੱਠ ਤੂੰ
ਉੱਠ ਕੇ
ਦੀਵਾ ਬਾਲ



# ਤਾਰਿਆਂ ਦੀ ਖਿੱਤੀ

ਦੋਸਤਾ
ਮੈਂ ਤਾਂ ਤੈਨੂੰ
ਐਨਾ ਪਿਆਰ ਕੀਤਾ
ਜਿੰਨਾ ਮੈਂ
ਬਚਪਨ ਵਿਚ
ਤਾਰਿਆਂ ਦੀਆਂ
ਖਿੱਤੀਆਂ
ਨੂੰ
ਕਰਦਾ ਸਾਂ

ਮੁਹੱਬਤ
ਸਬੂਤ ਨਹੀਂ ਮੰਗਦੀ
ਸੱਚ ਜਾਣੀ
ਮੈਂ ਤੈਨੂੰ ਵੀ
ਤਾਰਿਆਂ ਦੀ ਖਿੱਤੀ
ਸਮਝਣ ਲੱਗ ਪਿਆ ਸਾਂ

ਪਰ
ਮੈਨੂੰ ਕੀ ਪਤਾ ਸੀ



ਕਿ ਤੂੰ
ਤਾਰਿਆਂ ਦੀ ਖਿੱਤੀ ਵਾਂਗ
ਪਹਿਰਾਂ ਦੇ ਨਾਲ ਨਾਲ
ਤੁਰਦਿਆਂ ਤੁਰਦਿਆਂ
ਆਪਣਾ
ਅਸਥਾਨ ਬਦਲ ਲਵੇਂਗਾ
ਟੁੱਟਦੇ
ਤਾਰੇ ਦੀ ਲੀਕ
ਦੂਰ ਦੂਰ ਤਕ
ਚਾਨਣ ਕਰਦੀ ਏ
ਤਾਂ ਕਿ
ਉਸ ਦੇ
ਟੁੱਟ ਕੇ ਜੁੜਨ ਦਾ
ਆਸਮਾਨ ਨੂੰ ਤਾਂ ਕੀ
ਧਰਤੀ ਨੂੰ ਵੀ
ਅਹਿਸਾਸ ਹੋ ਜਾਵੇ

ਮੈਨੂੰ
ਨਹੀਂ ਸੀ ਪਤਾ
ਕਿ
ਤਾਰਿਆਂ ਦੀਆਂ ਖਿਤੀਆਂ
ਆਪਣਾ ਅਸਥਾਨ
ਬਦਲਣ ਲਈ

ਧਰਤੀ ਨੂੰ ਹੀ
ਆਪਣੇ
ਚੱਕਰਵਿਊ ਦਾ
ਸ਼ਿਕਾਰ ਕਰਦੀਆਂ ਨੇ

ਮੈਂ
ਮਾਸੂਮ ਧਰਤ ਦਾ ਵਾਸੀ
ਆਸਮਾਨ ਦੀਆਂ
ਸਾਜਿਸ਼ਾਂ ਤੋਂ
ਅਨਜਾਣ ਸਾਂ

ਮੈਂ
ਭੁੱਲ ਗਿਆ ਸਾਂ
ਕਿ ਇਸ
ਵਿਗਿਆਨਕ ਯੁੱਗ ਵਿਚ
ਧਰਤ ਨੂੰ
ਅਸਮਾਨ ਦੀ
ਵਧੇਰੇ ਲੋੜ ਹੈ

ਮੈਂ
ਭੁੱਲ ਗਿਆ ਸਾਂ
ਕਿ
ਇਸ



ਪਦਾਰਥਕ ਯੁੱਗ ਵਿਚ
ਲੋੜਾਂ ਹੀ
ਰਿਸ਼ਤਿਆਂ ਦਾ
ਦੂਜਾ ਨਾਮ ਹੈ



## ਦੋਸਤਾਂ ਵਰਗੇ ਦੋਸਤੋ

ਐ ਮੇਰੇ
ਦੋਸਤਾਂ ਵਰਗੇ
ਦੋਸਤੋ

ਮੈਂ
ਧੰਨਵਾਦੀ ਹਾਂ
ਤੁਹਾਡਾ
ਤੁਸੀਂ ਮੇਰੇ
ਸਫਰ ਦੇ
ਹਰ
ਦੁਖ ਸੁਖ ਵਿਚ
ਸ਼ਰੀਕ
ਹੁੰਦੇ ਰਹੇ ਹੋ

ਬਸ
ਸਿਰਫ਼
ਅੰਤਰ
ਸ਼ਰੀਕ ਹੋਣ ਦਾ
ਜ਼ਰੂਰ ਤੁਸੀਂ
ਰੱਖਿਆ ਹੈ



ਮੈਂ
ਧੰਨਵਾਦੀ ਹਾਂ
ਕਿ
ਮੇਰੇ
ਬਚਪਨ ਦੀ
ਮੌਤ ਵੇਲੇ
ਤੁਸੀਂ
ਮੌਨ ਹਮਦਰਦੀ
ਪ੍ਰਗਟਾਈ

ਜਦੋਂ ਮੇਰੀ
ਜਵਾਨੀ ਦਾ
ਕਤਲ ਹੋਇਆ
ਜਦੋਂ ਮੇਰੀਆਂ
ਇੱਛਾਵਾਂ ਦਾ
ਕਤਲ ਹੋਇਆ

ਜਦੋਂ ਮੇਰੀ
ਮੁਹੱਬਤ ਦਾ
ਕਤਲ ਹੋਇਆ
ਜਦੋਂ ਆਦਮ ਜ਼ਾਤ
ਦਾ ਕਤਲ ਹੋਇਆ

ਤੁਹਾਡੀਆਂ
ਮੂਕ ਗਵਾਹੀਆਂ
ਸਦਕਾ
ਕਾਤਲ
ਨਾਮਜ਼ਦ ਹੋਏ
ਪਰ
ਸਜ਼ਾਵਾਂ
ਨਾਮਜ਼ਦ
ਨਾ ਹੋ ਸਕੀਆਂ

ਮੈਂ
ਸਬਰ ਦਾ
ਘੁੱਟ ਤਾਂ
ਭਰ ਲੈਣਾ ਸੀ
ਜੇਕਰ
ਆਪਣੇ
ਹਮਵਤਨਾਂ
ਦੇ ਕਾਤਿਲਾਂ
ਨੂੰ
ਸਰਕਾਰੀ
ਜੂਹਾਂ ਵਿਚ
ਆਰਾਮ
ਫਰਮਾਉਂਦੇ
ਨਾ ਵੇਖਦਾ




ਐ ਮੇਰੇ
ਦੋਸਤਾਂ ਵਰਗੇ
ਦੋਸਤੋ
ਸਜ਼ਾ ਮੈਂ
ਵਿਦਰੋਹੀ
ਹੋਣ ਦੀ ਨਹੀਂ
ਤੁਹਾਡੀਆਂ
ਮੂਕ ਗਵਾਹੀਆਂ ਦੀ
ਭੁਗਤ ਰਿਹਾ
ਹਾਂ



# ਖ਼ਤ

ਮੇਰੀ ਮਹਿਬੂਬਾ
ਕਿੰਨੇ ਹੀ
ਵਰ੍ਹੇ ਹੋ ਗਏ ਨੇ
ਭਾਵੇਂ ਸਾਨੂੰ
ਵਿਛੜਿਆਂ ਨੂੰ



ਪਰ
ਤੇਰੇ ਸਾਹਾਂ 'ਚੋਂ
ਆਉਂਦੀ
ਕੱਚੇ ਦੁੱਧ ਦੀ
ਮਹਿਕ ਵਰਗਾ ਕੁਝ
ਮੈਂ
ਹੁਣ ਵੀ
ਮਹਿਸੂਸ ਕਰਦਾ ਹਾਂ
ਜਦੋਂ ਵੀ ਮੈਂ
ਆਪਣੀ
ਪਤਨੀ ਦੇ ਕੋਲ
ਬੈਠਾ ਹੋਵਾਂ



ਪਰ
ਕਹਿੰਦੇ ਹਨ
ਕਿ
ਹਿਜਰਾਂ ਦੇ
ਸਾਲ ਨਹੀਂ ਗਿਣੀਦੇ
ਨਹੀਂ ਤਾਂ
ਬੀਤੇ ਵਿਚ ਪੀਤੀਆਂ
ਜ਼ਹਿਰ ਦੀਆਂ ਘੁੱਟਾਂ
ਜੀਵਨ ਵਿਚ
ਕੁੜੱਤਣ
ਭਰ ਦਿੰਦੀਆਂ ਨੇ

ਪਰ
ਆਪਾਂ ਤੇ
ਜੰਮੇ ਹੀ
ਕੁੜੱਤਣਾਂ
ਹੰਢਾਣ ਲਈ ਸਾਂ

ਮੇਰੀ ਮਹਿਬੂਬਾ
ਇਹ
ਜ਼ਰੂਰੀ ਤਾਂ ਨਹੀਂ
ਕਿ ਆਦਮੀ
ਸਾਰੇ ਹੀ
ਵਾਅਦੇ ਪੂਰੇ ਕਰੇ

ਮੁਆਫ਼ ਕਰੀਂ
ਮੈਂ ਜੋ
ਤੇਰੇ ਨਾਲ
ਤੈਨੂੰ
ਭੁੱਲ ਜਾਣ ਦਾ
ਵਾਅਦਾ
ਕੀਤਾ ਸੀ
ਨਿਭਾ ਨਹੀਂ
ਸਕਿਆ

ਪਰ ਹਾਂ
ਤੂੰ
ਕਿਹਾ ਸੀ ਨਾ
ਕਿ
ਤੂੰ ਵਿਆਹ
ਕਰਵਾ ਲਵੀ
ਕਿਸੇ
ਚੰਗੀ ਜਹੀ
ਅਤੇ
ਸਿਆਣੀ ਜਹੀ
ਕੁੜੀ ਨਾਲ
ਮੈਂ ਤੇ ਹੁਣ.....



ਹਾਂ ਤੇ
ਮੈਂ
ਹੁਣ
ਸੱਚ ਮੁੱਚ
ਵਿਆਹ
ਕਰਵਾ ਲਿਆ ਹੈ
ਤੇਰੇ ਵਰਗੀ
ਸਿਆਣੀ ਅਤੇ
ਚੰਗੀ ਜਹੀ
ਕੁੜੀ ਨਾਲ
ਹਾਂ ਸੱਚ
ਉਸ ਦਾ ਨਉਂ ਵੀ
ਤੇ ਨਉਂ ਵਾਂਗ
"ਸੱਸੇ"
ਨਾਲ ਹੀ ਸ਼ੁਰੂ ਹੁੰਦੈ
ਅਤੇ
ਤੇਰੇ ਵਾਂਗ ਹੀ
ਹਸਦੀ ਹਸਦੀ
ਲੜ ਪੈਂਦੀ ਏ,
ਜਾਂ ਫਿਰ
ਲੜਦੀ ਲੜਦੀ
ਹੱਸ ਪੈਂਦੀ ਏ
ਇਨ ਬਿਨ
ਤੇਰੇ ਵਾਂਗ

ਜਦੋਂ ਵੀ
ਹੱਸਣ ਲਗਦੀ ਏ
ਕਿੰਨਾ ਕਿੰਨਾ ਚਿਰ
ਹੱਸੀ ਜਾਊ
ਹੱਸੀ ਜਾਊ

ਸੱਚ ਮੁੱਚ
ਮੇਰੀ ਮਹਿਬੂਬਾ
ਮੈਨੂੰ ਇਉਂ ਭਾਸਦੈ
ਜਿਵੇਂ ਤੇਰੀ ਰੂਹ
ਮੇਰੀ ਪਤਨੀ ਵਿਚ
ਪ੍ਰਵੇਸ਼ ਕਰ ਗਈ ਹੋਵੇ

ਹੋਰ ਹੁਣ ਕੀ ਲਿਖਾਂ
ਬੱਸ
ਭਰੋਸਾ ਨਹੀਂ ਰਿਹਾ
ਕਿਸੇ ਤੇ ਵੀ
ਅਪਣੇ ਆਪ ਤੇ
ਵੀ ਨਹੀਂ
ਪਰ
ਪੌਣਾਂ ਤੇ
ਪਵਿੱਤਰ ਹੁੰਦੀਆਂ ਨੇ
ਪੌਣਾਂ ਕਦੇ
ਝੂਠ ਨਹੀਂ ਬੋਲਦੀਆਂ



ਪੌਣਾਂ ਦੇ
ਦਿਲ ਵੀ
ਕਾਲੇ ਨਹੀਂ ਹੁੰਦੇ
ਮਨੁੱਖਾਂ ਵਾਂਗ
ਇਸ ਲਈ
ਇਹ ਖ਼ਤ
ਮੈਂ ਤੈਨੂੰ
ਪੌਣਾਂ ਹੱਥ
ਭੇਜ ਰਿਹਾ ਹਾਂ



# ਗੁਆਚੇ ਗੀਤ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਪਹਿਲਾ ਗੀਤ
ਮੈਂ ਖਬਰੇ
ਕਿਸ ਦੀ
ਗੁੜ੍ਹਤੀ ਲੈ ਕੇ
ਗਾਇਆ
ਚੀਕਾਂ ਵਰਗੇ
ਅਰਥ ਸੀ ਉਸ ਦੇ
ਸਾਜ਼ਾਂ ਮੇਚ
ਨਾ ਆਇਆ

ਸੁਣਦੇ ਸਾਰ ਹੀ
ਹਉਕਾ ਖ਼ਬਰੇ
ਕਿਉਂ
ਭੈੜੀ ਨੇ ਭਰਿਆ
ਮੇਰਾ ਪਹਿਲਾ



ਗੀਤ ਨਿਮਾਣਾ
ਠੰਢੀ ਅਗ ਵਿਚ
ਸੜਿਆ

ਫੁੱਲਾਂ ਵਰਗੇ
ਗੀਤ ਤੇ ਸਭ ਨੇ
ਰਲ ਮਿਲ
ਹੰਝੂ ਕੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਦੂਜਾ ਗੀਤ
ਜਦੋਂ ਫੁਲਝੜੀਆਂ
ਬਣ ਬਣ ਕੇ
ਮੁਸਕਾਇਆ
ਕਲੀਆਂ ਵਾਂਗੂੰ
ਮਹਿਕਾਂ ਵੰਡਦਾ

ਰਹਿੰਦਾ ਸੀ
ਨਸ਼ਿਆਇਆ

ਉਂਜ ਤਾਂ ਭਾਵੇਂ
ਸਾਰੇ ਹੀ ਸਨ
ਮਹਿਕਾਂ ਦੇ
ਤਿਰਹਾਏ
ਪਰ ਇਸ
ਫੁੱਲ ਦੀ
ਮਹਿਕ ਦੀ
ਹੋਂਦ ਤੋਂ ਸਾਰੇ
ਰਹਿੰਦੇ ਸਨ
ਘਬਰਾਏ



ਮਹਿਕਾਂ ਨੂੰ
ਪਾਲਣ ਦੇ ਏਥੇ
ਵਿਰਲੇ
ਰੱਖਣ ਜੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ



ਗੀਤ
ਗੁਆਚੇ ਮੇਰੇ

ਤੀਜਾ ਗੀਤ
ਪਛਾਣੇ
ਸਭ ਨੂੰ
ਸਭ ਨੂੰ
ਪਿਆਰ ਵੰਡਾਵੇ
ਐਪਰ
ਪਿਆਰ ਦੇ ਬਦਲੇ
ਨਫ਼ਰਤ ਦੇ ਹੀ
ਫੁੱਟਣ ਲਾਵੇ

ਦਿਲ ਵਿਚ ਸੋਚਣ
ਗੀਤ ਇਹ ਕਿਧਰੇ
ਲੰਮਾ ਨਾ ਹੋ ਜਾਏ
ਜਾਂ
ਸ਼ਬਦਾਂ ਦਾ
ਭਾਂਬੜ ਬਣਕੇ
ਅੱਗ ਨਾ
ਕਿਧਰੇ ਲਾਏ

ਕਾਂਬੇ ਦੀ
ਰੁਤੜੀ ਵੀ ਪਾਵੇ

ਦਿਲ ਨੂੰ
ਅੱਗ ਦੇ ਘੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਚੌਥਾ ਗੀਤ
ਮੈਂ
ਨਿੱਕੀਆਂ ਨਿੱਕੀਆਂ
ਬੁੱਲ੍ਹਿਆਂ ਤੇ
ਜਦ ਧਰਿਆ
ਝੂਠੇ ਹਾਸੇ ਉਹਲੇ
ਸਭ ਨੇ
ਸੱਚਾ ਹਉਕਾ
ਭਰਿਆ

ਹਰ ਹਉਕੇ 'ਚੋਂ
ਗੀਤਾਂ ਦੇ



ਹੰਝੂ ਹੀ
ਕਿਰਦੇ ਜਾਪਣ
ਗੀਤਾਂ ਦੇ ਮਾਪੇ
ਹਰ ਵੇਲੇ
ਗੀਤਾਂ ਤਾਈਂ
ਮਾਪਣ

ਸਾਡੇ ਗੀਤਾਂ ਦੇ
ਲੇਖੀਂ ਤਾਂ
ਮੁੱਢੋਂ
ਘੁੱਪ ਹਨੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਪੰਜਵਾਂ ਗੀਤ
ਜਦੋਂ
ਮੈਂ ਅਪਣੀ
ਉਂਗਲ ਦੇ

ਸੰਗ ਲਾਇਆ
ਤੁਰਨ ਤੋਂ ਪਹਿਲਾਂ
ਹੀ ਸਾਜ਼ਾਂ ਦੇ
ਪੈਰੀਂ
ਸੰਗਲ ਪਾਇਆ



ਅੱਲੜ ਗੀਤ
ਵਿਚਾਰੇ ਦੀ ਵੀ
ਕੀ ਹੈ
ਚਾਰਾ ਜੋਈ
ਫੁੱਲਾਂ ਵਾਂਗੂੰ
ਬਸ ਅਪਣੀ
ਛਡ ਸਕਦਾ ਹੈ
ਖ਼ੁਸ਼ਬੋਈ

ਹੁਣ ਤਾਂ
ਮਹਿਕਾਂ ਨੂੰ ਵੀ
ਮਾਲੀ
ਰੱਖਣ ਪਾ ਕੇ
ਘੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਛੇਵਾਂ ਗੀਤ
ਸੁਰਤ
ਸੰਭਾਲਣ ਜੋਗਾ
ਜਦ ਵੀ ਹੋਇਆ
ਪੌਣਾਂ ਦੇ ਗਲ
ਲੱਗ ਲੱਗ ਭੈੜਾ
ਹਉਕੇ ਭਰ ਭਰ
ਰੋਇਆ

ਜੀਵਨ ਦੇ ਇਸ
ਅੱਲੜਪਣ ਦੇ
ਕਿਹੜਾ
ਗਲ ਲੱਗ ਰੋਏ
ਕਲੀਆਂ ਦੇ
ਹਾਸੇ ਥੋਰ੍ਹਾਂ 'ਚੋਂ
ਹੰਝੂ
ਬਣ ਬਣ ਚੋਏ

ਹਾਸੇ ਇਹ
ਮਾਸੂਮ ਨੇ ਭਾਵੇਂ

ਰੱਖਣ ਭਾਢੇ
ਜੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਸੱਤਵਾਂ ਗੀਤ
ਜਦੋਂ ਮੈਂ
ਬਹਿ ਕੇ
ਸੱਤਵੀਂ
ਵਾਰੀ ਗਾਇਆ
ਅਣਗੌਲੇ
ਸ਼ਬਦਾਂ ਦਾ ਜੰਗਲ
ਅੱਖੀਆਂ
ਮੂਹਰੇ ਛਾਇਆ

ਹਰ ਟਾਹਣੀ ਦੇ
ਪੀਲੇ ਪੱਤੇ
ਘੋਰ ਉਦਾਸੀ



ਛਾਈ
ਕਲੀਆਂ ਦੇ
ਚਿਹਰੇ ਤੇ ਜਾਪੇ
ਪੀੜ ਗਈ
ਚਿਪਕਾਈ

ਮਹਿਕਾਂ ਲੱਦੇ
ਹਾਸੇ ਏਥੇ
ਭੁੱਬਲ ਦੇ ਵਿਚ
ਕੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਅੱਠਵਾਂ ਗੀਤ
ਮੈਂ
ਸਖ਼ੀਆਂ ਦੇ
ਝੁਰਮਟ ਵਿਚ

ਗਾਣਾ ਚਾਹਿਆ
ਸਖ਼ੀਆਂ ਦੇ
ਹੋਠਾਂ ਤੇ ਜੰਦਰੇ
ਵੇਖ ਕੇ ਦਿਲ
ਭਰ ਆਇਆ



ਕਾਲੀ ਧਰਤੀ
ਕਾਲੇ ਲੋਕੀਂ
ਕੱਪੜੇ
ਸਭ ਦੇ ਰੱਤੇ
ਦੁਧੀਆ
ਗੀਤਾਂ ਦੀ ਦੁਨੀਆ
ਇਹਨਾਂ ਵਿਚ
ਕੀਕਣ ਵੱਸੇ

ਪੂਰਨਮਾਸ਼ੀ
ਨੂੰ ਵੀ ਏਥੇ
ਹੁੰਦੇ
ਘੁੱਪ ਹਨੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਨੌਂਵਾਂ ਗੀਤ
ਜਦੋਂ ਮੈਂ
ਆਪਣੇ
ਸਾਜ਼ਾਂ ਤੇ
ਸੁਰ ਕੀਤਾ
ਕੌੜੇ ਸ਼ਬਦਾਂ
ਦਾ ਇਕ ਸਾਗਰ
ਘੁੱਟ ਘੁੱਟ
ਕਰਕੇ ਪੀਤਾ

ਸਾਜ਼ਾਂ ਦੇ ਦਿਲ
ਗੋਤੇ ਖਾਧੇ
ਅੱਖੀਆਂ
ਭਰ ਭਰ ਡੁਲ੍ਹੀਆਂ
ਇਸ ਰੁੱਤੇ
ਇਸ ਗੀਤ ਤੇ ਕਿੰਨੀਆਂ
ਗਰਮ ਹਵਾਵਾਂ
ਝੁਲੀਆਂ

ਕੀ ਦੱਸਾਂ ਮੈਂ
ਤਖ਼ਤੇ ਓਹਲੇ
ਕਿੰਨੇ
ਅੱਥਰ ਕੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਦਸਵਾਂ ਗੀਤ
ਦੁਪੱਟੇ ਦੇ ਲੜ
ਬੰਨ ਕੇ
ਗਲ ਨੂੰ ਲਾਇਆ
ਮੈਨੂੰ ਇਜ
ਲੱਗਾ ਕਿ ਹੁਣ ਇਹ
ਗੀਤ ਨਾ ਜਾਣਾ
ਗਾਇਆ

ਧੁੱਪਾਂ ਤੋਂ
ਡਰਦੀ ਨੇ ਚੰਨ ਦੇ



ਚਾਨਣ ਨਾਲ
ਨੁਹਾਇਆ
ਖ਼ਬਰੇ ਸੂਰਜ
ਦਾ ਇਕ ਟੁਕੜਾ
ਕੀਕਣ
ਇਸ ਤੱਕ ਆਇਆ

ਸੁੱਟ ਗਿਆ ਉਹ
ਤੱਤੀਆਂ ਤੱਤੀਆਂ
ਕਿਰਨਾਂ
ਚਾਰ ਚੁਫੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਗੀਤ ਗਿਆਰ੍ਹਵਾਂ
ਲੈ ਕੇ
ਨੀ ਮੈਂ
ਸੰਗਦੀ ਸੰਗਦੀ

ਗਾਵਾਂ
ਮਰੀਅਮ ਸ਼ਬਦਾਂ ਨੂੰ
ਖੰਭ ਲਾਏ
ਅੱਥਰੇ ਅੱਥਰੇ
ਚਾਵਾਂ



ਸ਼ਬਦਾਂ ਦੇ
ਪਿੰਡੇ ਤੇ ਲਿਖ ਕੇ
ਸਧਰਾਂ ਦਾ
ਸਿਰਨਾਵਾਂ
ਜੀ ਕਰਦੈ
ਦੁਧੀਆ ਗੀਤਾਂ ਨੂੰ
ਸਾਰਾ ਦਰਦ
ਪੁਚਾਵਾਂ

ਪਰ ਏਥੋਂ ਦੇ
ਕਾਸਿਦ ਵੀ ਤਾਂ
ਡਾਢੇ
ਚੋਰ ਲੁਟੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਗੀਤ ਬਾਰ੍ਹਵਾਂ
ਕੋਇਲ ਦੀ
ਆਵਾਜ਼ 'ਚ
ਜਦ
ਮੈਂ ਗਾਇਆ
ਇੰਜ ਲੱਗਾ
ਜਿਉਂ
ਗੀਤ ਨੂੰ ਲੁੱਟਣ
ਸਾਰਾ ਆਲਮ
ਆਇਆ

ਦਰਦਾਂ ਭਰਿਆ
ਗੀਤ ਲੁਕਾ ਕੇ
ਕਿੱਧਰ ਨੂੰ
ਤੁਰ ਜਾਵਾਂ
ਮੈਥੋਂ ਵੀ
ਲੰਮਾ ਹੋ ਚੱਲਿਆ
ਹੁਣ
ਮੇਰਾ ਪਰਛਾਵਾਂ

ਗੀਤਾਂ ਦੇ
ਅਣਛੱਤੇ ਘਰ ਦੇ
ਬੰਨ੍ਹੇ
ਕੌਣ ਬਨੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਗੀਤ ਤੇਹਰਵਾਂ
ਏਸ ਤਰ੍ਹਾਂ
ਬੁੱਲ੍ਹੀਆਂ ਦੇ
ਰੰਗ 'ਚ
ਰਲਿਆ।
ਰੰਗਾਂ ਦਾ
ਭਾਂਬੜ ਅੱਖੀਆਂ ਵਿਚ
ਲਟ ਲਟ ਕਰਕੇ
ਬਲਿਆ



ਚੰਚਲ ਗੀਤਾਂ
ਦੇ ਸੁਪਨੇ ਮੈਂ
ਜਾਗਦਿਆਂ
ਹੀ ਤੱਕਾਂ
ਜਾਂ ਤੇ ਫਿਰ
ਮੈਂ-ਮੈਂ
ਨਾ ਰਹਿ ਗਈ
ਜਾਂ ਇਹ
ਉਹ ਨਈਂ
ਅੱਖਾਂ

ਦਿਨ ਚੜ੍ਹਦੇ
ਖ਼ਾਬਾਂ ਦੇ ਪੰਛੀ
ਬਾਗ਼ੀਂ
ਜਾਣੇ ਘੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਗੀਤ ਚੌਦ੍ਹਵਾਂ
ਜਦ
ਗਲ ਲਾਇਆ
ਭੁੱਬਾਂ ਨਿਕਲ
ਗਈਆਂ
ਕੰਨਾਂ ਵਿਚ
ਲੁਕ ਲੁਕ ਕੇ ਗੱਲਾਂ
ਕਰਦੀਆਂ
ਤੱਕੀਆਂ
ਸਈਆਂ



ਵਿੱਘੇ ਜਿੰਡਾ
ਵਿਹੜਾ ਵੀ ਹੁਣ
ਭੀੜਾ ਭੀੜਾ
ਲੱਗੇ
ਘਰ ਦੇ
ਹਰ ਇਕ ਜੀਅ ਨੂੰ
ਹੁਣ ਇਹ
ਗੀਤ ਪਰਾਇਆ ਲੱਗੇ

ਪਰ ਹਰ
ਗੀਤ ਹੀ
ਕੈਦੀ ਹੋਇਆ
ਜਾਪੇ
ਚਾਰ ਚੁਫੇਰੇ



ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਗੀਤ ਪੰਦਰ੍ਹਵਾਂ
ਜਦ
ਮੈਂ ਗਾਇਆ
ਗਈਆਂ
ਮੱਚ ਦੁਹਾਈਆਂ
ਪੀੜਾਂ ਹੀ ਪੀੜਾਂ
ਬਾਬਲ ਦੇ
ਚਿਹਰੇ ਤੇ
ਉੱਗ ਆਈਆਂ

ਗੀਤ ਨਦੀ ਦਾ
ਨਿਰਛਲ ਨਿਰਛਲ
ਕਿੰਜ
ਟੋਭੇ ਗਲ
ਪਾਵਾਂ

ਐਪਰ ਪੜ੍ਹ ਵੀ ਤਾਂ
ਹੁੰਦਾ ਨਣ੍ਹੀਂ
ਦਰਿਆ
ਦਾ ਸਿਰਨਾਵਾਂ



ਦੁਧੀਆ
ਜਿਸਮਾਂ ਦੇ
ਸਿਰ ਅੰਦਰ
ਕਾਲੇ ਕਾਲੇ ਘੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਗੀਤ ਸੋਲ੍ਹਵਾਂ
ਸੁਣ ਕੇ ਮੇਰਾ
ਸੋਚੀਂ
ਪੈ ਗਏ ਮਾਪੇ
ਸਾਜ਼ਾਂ ਦੇ
ਚੋਰਾਂ ਤੋਂ ਰੱਖੀਏ



ਕਿੱਥੇ
ਗੀਤ ਲੁਕਾ ਕੇ

ਗੀਤ ਇਹ
ਗਇਆ
ਜਾਵੇ ਵੀ ਤਾਂ
ਕਿਸ
ਸੰਗੀਤਕ ਖੇੜੇ
ਖੌਫ਼ ਜ਼ਦਾ ਹਨ
ਵਣਜ ਸੁਰਾਂ ਦੇ
ਸੁਰ ਨਾ
ਜਾਂਦੇ ਛੇੜੇ

ਬੁੱਕਲ ਦੇ ਵਿਚ
ਗੀਤ ਲੁਕਾ ਲਏ
ਕਿਸ ਦੇ
ਏਡੇ ਜੇਰੇ
ਮਾਏ ਨੀ
ਸੰਗੀਤਕ ਰੁੱਤੇ
ਗੀਤ
ਗੁਆਚੇ ਮੇਰੇ

ਨੀ ਮਾਏ
ਗੀਤ ਗੁਆਚੇ ਮੇਰੇ

## ਜ਼ਰਾ ਸੋਚੋ

ਪੁਰਾਣੀ ਸਾਂਝ ਦੇ ਰਿਸ਼ਤੇ
ਮਿਟਾਏ ਜਾ ਨਹੀਂ ਸਕਣੇ
ਅਸਾਡੀ ਪ੍ਰੀਤ ਦੇ ਦੀਵੇ
ਬੁਝਾਏ ਜਾ ਨਹੀਂ ਸਕਣੇ

ਇਹ ਕੋਸ਼ਿਸ਼ ਦੁਸ਼ਮਣਾਂ ਦੀ ਹੈ
ਅਸੀਂ ਲੜ ਲੜ ਕੇ ਮਰ ਜਾਈਏ
ਤੇ ਰੰਗ ਇਸ ਖ਼ੂਨ ਸਾਂਝੇ ਦਾ
ਅਸੀਂ ਬਦਰੰਗ ਕਰ ਜਾਈਏ

ਨਹੀਂ ਹਰਗਿਜ਼ ਨਹੀਂ ਹੋਣਾ
ਜੁਦਾ ਨਹੁੰ ਮਾਸ ਦੇ ਨਾਲੋਂ
ਦੋ ਹਿੱਸੇ ਹੁਣ ਸਰੀਰ ਇਕ ਦੇ
ਬਣਾਏ ਜਾ ਨਹੀਂ ਸਕਣੇ



ਅਸਾਡੀ ਪ੍ਰੀਤ ਦੇ ਦੀਵੇ
ਬੁਝਾਵੇ ਜਾ ਨਹੀਂ ਸਕਣੇ
ਪੁਰਾਣੀ ਸਾਂਝ ਦੇ ਰਿਸ਼ਤੇ
ਮਿਟਾਏ ਜਾ ਨਹੀਂ ਸਕਣੇ

ਅਸੀਂ ਹਾਂ ਪ੍ਰੀਤ ਦੇ ਪਾਂਧੀ
ਅਸੀਂ ਮਹਿਕਾਂ ਦੇ ਜਾਏ ਹਾਂ
ਅਸੀਂ ਘਰ ਘਰ ਮੁਹੱਬਤ ਦੀ
ਸੁਗੰਧੀ ਦੇਣ ਆਏ ਹਾਂ

ਹੰਢਾਈ ਮਹਿਕ ਹੈ ਰਲ ਮਿਲ
ਅਸੀਂ ਜਿਸ ਬਾਗ਼ ਦੇ ਅੰਦਰ
ਕਿ ਖ਼ਾਰ ਉਸ ਬਾਗ ਵਿਚ ਹਰਗਿਜ਼
ਉਗਾਏ ਜਾ ਨਹੀਂ ਸਕਣੇ

ਅਸਾਡੀ ਪ੍ਰੀਤ ਦੇ ਦੀਵੇ
ਬੁਝਾਏ ਜਾ ਨਹੀਂ ਸਕਣੇ
ਅਸਾਡੀ ਸਾਂਝ ਦੇ ਰਿਸ਼ਤੇ
ਮਿਟਾਏ ਜਾ ਨਹੀਂ ਸਕਣੇ

ਤਿਆਗੋ ਤੰਗ ਦਿਲੀ ਨੂੰ ਤੇ
ਕਰੋ ਇਨਸਾਨੀਅਤ ਪੈਦਾ
ਪਛਾਣੋ ਉਸ ਹਵਾ ਨੂੰ ਜਿਸ
ਕਰੀ ਹੈਵਾਨੀਅਤ ਪੈਦਾ

ਫੜੋ ਘੁੱਟ ਕੇ ਫੜੋ ਘੁੱਟ ਕੇ
ਮੁਹੱਬਤ ਦੇ ਪਲਾਂ ਨੂੰ ਹੁਣ
ਉਧਲ ਕੇ ਤੁਰ ਗਏ ਜੇਕਰ
ਮੁੜਾਏ ਜਾ ਨਹੀਂ ਸਕਣੇ



ਜਦੋਂ ਇਹ ਰੁਸ ਗਏ ਹਾਸੇ
ਮਨਾਏ ਜਾ ਨਹੀਂ ਸਕਣੇ
ਤੇ ਫਿਰ ਦੀਵੇ ਮੁਹੱਬਤ ਦੇ
ਜਗਾਏ ਜਾ ਨਹੀਂ ਸਕਣੇ

ਜ਼ਰਾ ਸੋਚੋ, ਕਿ ਪੰਜਾ ਸਾਹਬ
ਤੇ ਕਿੱਥੇ ਹੈ ਨਨਕਾਣਾ
ਉਹ ਵੇਲਾ ਹਥ ਨਹੀਂ ਆਇਆ
ਇਹ ਵੇਲਾ ਹਥ ਨਹੀਂ ਆਣਾ

ਅਸੀਂ ਗਲਤੀ ਪੁਰਾਣੀ ਫਿਰ
ਨਾ ਦੁਹਰਾਈਏ ਨਾ ਦੁਹਰਾਈਏ
ਜੇ ਕੇਰਾਂ ਬਣ ਗਏ ਬੰਨੇ
ਮਿਟਾਏ ਜਾ ਨਹੀਂ ਸਕਣੇ

ਅਸਾਡੀ ਪ੍ਰੀਤ ਦੇ ਦੀਵੇ
ਬੁਝਾਏ ਜਾ ਨਹੀਂ ਸਕਣੇ
ਪੁਰਾਣੀ ਸਾਂਝ ਦੇ ਰਿਸ਼ਤੇ
ਮਿਟਾਏ ਜਾ ਨਹੀਂ ਸਕਣੇ

ਅਸਾਡੀ ਪ੍ਰੀਤ ਦੇ ਦੀਵੇ
ਬੁਝਾਏ ਜਾ ਨਹੀਂ ਸਕਣੇ

## ਦਿੱਲੀ ਦਾ ਮਰਸੀਆ

ਹੋਈਓਂ
ਰੱਤੋ ਰੱਤ
ਨੀ ਦਿੱਲੀਏ
ਹੋਈਓਂ
ਰੱਤੋ ਰੱਤ

ਤੂੰ ਤਖ਼ਤਾਂ
ਤੂੰ ਤਾਜ਼ਾਂ ਵਾਲੀ
ਹੋਈਓਂ
ਅੰਨ੍ਹੀ ਬੋਲੀ
ਉਫ਼!
ਮਾਵਾਂ ਦੇ ਤਰਲੇ
ਉਫ਼!
ਬੱਚਿਆਂ ਦੀ
ਰੱਤ ਦੀ ਹੋਲੀ

ਜਮਨਾ ਦੇ ਵਿਚ
ਗੋਤੇ ਖਾ ਗਈ
ਸਾਂਝਾਂ ਦੀ
ਅਪਣੱਤ



ਨੀ ਦਿੱਲੀਏ
ਹੋਈਓਂ
ਰੱਤੋ ਰੱਤ

ਤੇਰੇ ਮੋਢੇ
ਬੈਠ ਮਨੁੱਖਤਾ
ਦਿਨ ਦੀਵੀਂ
ਗਈ ਸਾੜੀ
ਤੂੰ
ਅੱਗ ਵੰਡੀ ਹੱਥੀਂ
ਜ਼ਾਲਿਮ
ਸਾੜ ਗਏ ਫੁਲਵਾੜੀ

'ਬਾਬੇ ਨਾਨਕ'
ਦੇ 'ਮਤ' ਦੀ
ਅਜ ਤੂੰ
ਕੀਤੀ ਦੁਰਗੱਤ
ਨੀ ਦਿੱਲੀਏ
ਹੋਈਓਂ
ਰੱਤੋ-ਰੱਤ

ਤੇਰੇ ਅੰਬਰ
ਉੱਤੇ ਤੱਕੀਆਂ
ਬਾਰੂਦੀ

ਪਰਵਾਜ਼ਾਂ
ਅਮਨ ਦੇ ਹੋਕੇ
ਵਿੱਚੋਂ ਸੁਣੀਆਂ
ਹਿੰਸਾ ਦੀਆਂ
ਆਵਾਜ਼ਾਂ

ਤਿਪ ਤਿਪ ਕਰਕੇ
ਰੱਤ ਦੇ ਹੰਝੂ
ਕੇਰ ਰਿਹੈ
ਸਰਬੱਤ
ਨੀ ਦਿੱਲੀਏ
ਹੋਈਓਂ
ਰੱਤੋ ਰੱਤ

ਸਾਡੇ ਭਾਅ ਦੀ
ਅੱਜ ਤੋਂ ਦਿੱਲੀਏ
ਤੂੰ ਜਿਊਂਦੀ
ਹੀ ਮੋਈ
ਭੱਠ ਪਵੇ
ਨੀ ਭੱਠ ਅਜੇਹੇ
ਚੰਦਨ ਦੀ
ਖੁਸ਼ਬੋਈ
ਤੇਰੀ ਬੁੱਕਲ
ਦੇ ਵਿਚ ਲੁੱਟੀ



ਅਬਲਾਵਾਂ ਦੀ ਪੱਤ
ਨੀ ਦਿੱਲੀਏ
ਹੋਈਓਂ ਰੱਤੋ ਰੱਤ

ਹੋਈਓਂ
ਰੱਤੋ ਰੱਤ
ਨੀ
ਦਿੱਲੀਏ
ਹੋਈਓਂ
ਰੱਤੋ ਰੱਤ



## ਰੰਗ

ਰੰਗ
ਬੜੇ ਬਲਵਾਨ
ਜੋਗੀਆ
ਰੰਗ
ਬੜੇ ਬਲਵਾਨ

ਉਡਦੇ ਉਡਦੇ
ਕਰ ਲੈਂਦੇ ਨੇ
ਬੰਦੇ ਦੀ
ਪਹਿਚਾਣ
ਜੋਗੀਆ
ਰੰਗ
ਬੜੇ ਬਲਵਾਨ

ਜਦ
ਰੰਗ ਆਪਣਾ
ਰੰਗ ਵਿਖਾਉਂਦੇ
ਫੁਲ ਬਣਦੇ
ਖ਼ੁਸ਼ਬੂ ਫੈਲਾਉਂਦੇ



ਰੰਗ
ਦੁਪੱਟੇ ਦੇ
ਬਣ ਜਾਂਦੇ
ਮਹਿਕਾਂ ਦੇ
ਸੁਲਤਾਨ

ਜੋਗੀਆ
ਰੰਗ
ਬੜੇ ਬਲਵਾਨ

ਕਾਲੇ ਲਾਲ
ਹਰੇ ਤੇ ਪੀਲੇ
ਜੀਵਨ ਦੇ
ਇਹ ਰੰਗ ਵਸੀਲੇ

ਅਪਣੇ ਰੰਗ ਵਿਚ
ਰੰਗ ਲੈਂਦੇ ਨੇ
ਇਹ
ਦਿਲਕਸ਼ ਮਹਿਮਾਨ
ਜੋਗੀਆ
ਰੰਗ ਬੜੇ
ਬਲਵਾਨ

ਰੰਗ ਜਦ
ਆਪਸ ਵਿਚ

ਮਿਲਦੇ ਨੇ
ਨਵੇਂ ਨਵੇਂ
ਫਿਰ ਰੰਗ
ਖਿੜਦੇ ਨੇ

ਰੰਗਾਂ ਦੀ
ਅਦਭੁਤ
ਦੁਨੀਆ ਦੀ
ਮੁਸ਼ਕਿਲ ਹੈ
ਪਹਿਚਾਣ
ਜੋਗੀਆ
ਰੰਗ ਬੜੇ
ਬਲਵਾਨ

ਵਾਕਿਫ਼ ਹੋਣ
ਜਾਂ
ਹੋਣ ਅਣਜਾਣੇ
ਰੰਗ
ਨਹੀਂ ਹੁੰਦੇ
ਬੇਗਾਨੇ

ਜੋ
ਰੰਗਾਂ ਦੀ
ਪੂਜਾ ਕਰਦੇ



ਉਹ ਹਨ
ਪੁਰਸ਼ ਮਹਾਨ
ਜੋਗੀਆ
ਰੰਗ ਬੜੇ
ਬਲਵਾਨ

ਰੰਗ ਬੜੇ
ਬਲਵਾਨ
ਜੋਗੀਆ
ਰੰਗ
ਬੜੇ ਬਲਵਾਨ

## ਕਾਮਰੇਡ

ਉਹਨਾਂ ਨੇ ਕਿਹਾ
ਤੁਸੀਂ ਲੈਨਿਨ
ਨਹੀਂ ਪੜ੍ਹਿਆ
ਤੁਸੀਂ ਮਾਰਕਸ
ਨਹੀਂ ਪੜ੍ਹਿਆ
ਤੁਸੀਂ ਏਂਗਲਜ਼
ਨਹੀਂ ਸੁਣਿਆ
ਤੁਸੀਂ ਮਾਓ
ਨਹੀਂ ਵਾਚਿਆ

ਤੁਸੀਂ ਖੱਬੇ
ਪੱਖੀ ਨਹੀਂ ਹੋ
ਤੁਸੀਂ ਸੱਜੇ
ਪੱਖੀ ਨਹੀਂ ਹੋ

ਇਸ ਲਈ
ਤੁਸੀਂ
ਲੋਕ ਪੱਖੀ ਨਹੀਂ ਹੋ
ਇਸ ਲਈ
ਤੁਸੀਂ ਕਾਮਰੇਡ
ਨਹੀਂ ਹੋ ਸਕਦੇ



ਮੈਂ ਕਿਹਾ
ਮੈਂ
ਦੁਨੀਆ ਦੀ
ਪਰਕਰਮਾ ਤੋਂ ਪਹਿਲਾਂ
ਆਪਣੇ
ਵਤਨ ਦੀ
ਮਿੱਟੀ ਦੀ
ਮਹਿਕ ਨੂੰ
ਤੁਹਾਡੇ
ਸਾਹਾਂ ਦੇ
ਨਜ਼ਦੀਕ
ਵੇਖਣਾ ਚਾਹੁੰਦਾ ਹਾਂ

ਤੁਹਾਡੀਆਂ
ਸੋਚਾਂ 'ਚੋਂ
ਮਨਫ਼ੀ ਹੋ ਗਈਆਂ
ਸ਼ਹਾਦਤਾਂ ਨੂੰ
ਤੁਹਾਡੇ ਰੂਬਰੂ
ਕਰਨਾ ਚਾਹੁੰਦਾ
ਹਾਂ

ਮੈਂ
ਤੁਹਾਨੂੰ
ਬਾਬੇ ਨਾਨਕ
ਅਤੇ
ਗੋਬਿੰਦ

ਜਹੇ
ਕਾਮਰੇਡਾਂ ਦੇ
ਦਰਸ਼ਨ ਕਰੌਣੇ
ਚਾਹੁੰਦਾ ਹਾਂ
ਅਤੇ
ਫਿਰ ਵੀ
ਮੈਂ ਤੁਹਾਨੂੰ
ਇਹ ਪੁਛਣ ਦੀ
ਗੁਸਤਾਖ਼ੀ
ਨਹੀਂ ਕਰਾਂਗਾ
ਕਿ
ਕਾਮਰੇਡ ਦੇ
ਅਰਥ ਕੀ
ਹੁੰਦੇ ਹਨ



## ਅੰਤਕਾ

ਜ਼ਿੰਦਗੀ ਦੇ
ਬਹੁਤ ਸਾਰੇ ਰੰਗ
ਹੰਢਾਏ ਨਹੀਂ
ਜੀਵੇ ਨੇ ਮੈਂ

ਪਸ਼ੂ ਚਾਰਨ
ਦਿਹਾੜੀਆਂ ਕਰਨ
ਸੜਕਾਂ ਤੇ
ਲੁੱਕ ਰਲਾ ਕੇ
ਪਾਉਣ ਵਾਲੀ
ਮਸ਼ੀਨ ਚਲਾਉਣ
ਤੋਂ ਲੈ ਕੇ
ਅੱਜ ਦੀ
ਸੰਘਰਸ਼ੀਲ
ਜ਼ਿੰਦਗੀ ਨੂੰ
ਸੰਘਰਸ਼ ਮਈ
ਰੱਖਣ ਲਈ

ਅਣ-ਦਾੜ੍ਹੀਆ
ਹੀ ਸਾਂ ਜਦ
ਪਸ਼ੂ
ਚਾਰਦਿਆਂ ਚਾਰਦਿਆਂ
ਕਵਿਤਾਵਾਂ/ਕਹਾਣੀਆਂ

ਵਰਗਾ ਕੁੱਝ
ਅੰਦਰੋਂ
ਫੁੱਟਿਆ ਹੀ ਨਹੀਂ

ਰਿਸਣ ਲੱਗ
ਪਿਆ ਸੀ
ਆਪ ਮੁਹਾਰਾ
ਹਾਲਾਤ ਦੇ
ਜ਼ਖ਼ਮਾਂ ਰਾਹੀਂ

ਜ਼ਿੰਦਗੀ ਦੇ
ਬਹੁਤ ਸਾਰੇ ਰੰਗ
ਬਦਰੰਗ ਹੁੰਦੇ
ਵੇਖੇ ਨੇ ਮੈਂ

ਆਪਣਿਆਂ ਦੀ
ਦੁਸ਼ਮਣੀ
ਦੁਸ਼ਮਣਾਂ ਦੀ
ਦੁਸ਼ਮਣੀ
ਨੇ
ਘਰੋਂ
ਬੇ-ਘਰ ਕਰਕੇ
'ਪਰਦੇਸੀ'
ਬਣਾ ਦਿਤਾ ਸੀ
ਛੋਟੇ ਜਿਹੇ
ਬਿੱਲੂ ਨੂੰ





ਇਹਨਾਂ
ਬਦਰੰਗ
ਰੰਗਾਂ ਨੇ
ਮੋਗੇ ਦੀ
ਉਹ ਧਰਤੀ
ਜਿੱਥੇ ਮੈਂ
ਬਚਪਨ
ਜੀਵਿਆ ਨਹੀਂ
ਸਿਰਫ਼
ਅਤੇ ਸਿਰਫ਼
ਬਿਤਾਇਆ ਸੀ

ਅਜਨਬੀ
ਹੋ ਗਈ ਸੀ

ਜਿਸ ਨੂੰ
ਬੜੇ ਹੀ ਮੋਹ ਨਾਲ
ਜਨਮ ਭੂਮੀ
ਕਹਿੰਦੇ ਨੇ
ਲੋਕ

ਦਸ ਅਕਤੂਬਰ
ਉੱਨੀ ਸੌ ਬਵੰਜਾ
ਨੂੰ
ਇਸ
ਮਹਿਕ ਵਿਹੂਣੇ
ਰੰਗ ਨੇ

ਜਦ
ਆਪਣਾ ਰੰਗ
ਮੋਗੇ ਦੀ
ਧਰਤੀ ਤੇ
ਤਰੌਂਕਿਆ
ਤਾਂ
ਕਿਸੇ ਨੂੰ
ਮਹਿਕ ਦਾ
ਕੀ ਹੋਣਾ ਸੀ
ਅਹਿਸਾਸ

ਇਕ ਦਰਦ
ਖੁਣਿਆ ਗਿਆ ਸੀ
ਮੱਥੇ ਤੇ
ਬਚਪਨ
ਦੇ
ਚੁੰਮਣਾਂ ਦੇ ਨਾਲ ਨਾਲ



ਜ਼ਿੰਦਗੀ ਦੇ
ਬਹੁਤ ਸਾਰੇ ਰੰਗ
ਮੇਰੇ ਤੇ
ਛਿਟਿਆਂ
ਵਾਂਗ ਪਏ
ਨਾ ਪਸੰਦੀਦਾ ਰੰਗ
ਨਾ ਪਸੰਦੀਦਾ
ਛਿੱਟੇ
ਆਪਣੀ



ਜਨਮ ਭੂਮੀ
ਆਪਣੇ ਮੁਲਕ
ਆਪਣੇ ਲੋਕ
ਆਪਣੇ ਰਾਜੇ
ਤੇ
ਰਾਣੀਆਂ
ਸਭ ਦੇ ਸਭ
ਮੈਂ
ਅਜੇਹੇ
ਛਿਟਿਆਂ ਵਿਚ
ਲਬਰੇਜ਼ ਦੇਖੇ

ਮੈਨੂੰ
ਨਫ਼ਰਤ ਹੋਈ

ਆਪਣੇ ਆਪ ਤੋਂ
ਰਾਜਿਆਂ ਤੋਂ
ਰਾਣੀਆਂ ਤੋਂ
ਆਪਣੇ ਲੋਕਾਂ ਤੋਂ
ਅਤੇ
ਬੇਗਾਨੇ
ਲੋਕਾਂ ਤੋਂ ਵੀ

ਬੜੀ ਹੀ
ਬਹਾਦਰੀ ਨਾਲ ਨਹੀਂ
ਬੜੀ ਹੀ
ਢੀਠਤਾਈ ਨਾਲ
ਮੈਂ

ਇਹਨਾਂ
ਛਿਟਿਆਂ ਨੂੰ
ਧੋਣ ਵਿਚ
ਜੁਟ ਗਿਆ

ਸਭ ਕੁਝ
ਇਕ
ਵਿੱਥ
ਤੇ ਖਲੋ ਕੇ
ਵੇਖਣ ਦੀ
ਪ੍ਰਤਿਗਿਆ ਨੇ

ਵਿੱਥਾਂ ਨੂੰ
ਸਮਝਣ ਦੀ
ਪ੍ਰਤਿਗਿਆ ਨੇ

ਵਿੱਥਾਂ ਨੂੰ
ਮੇਟਣ ਦੀ
ਪ੍ਰਤਿਗਿਆ ਨੇ

ਜ਼ਖ਼ਮਾਂ 'ਚੋਂ
ਕਵਿਤਾਵਾਂ ਵਾਂਗ
ਕੁਝ
ਰਿਸਦੇ ਨੂੰ
ਜੁਝਾਰੂ
ਬਲ ਬਖ਼ਸ਼ਿਆ





ਪਿਆਰ
ਮੁਹੱਬਤ ਦਾ ਰੰਗ
ਲੁਟਣ ਵਾਲਿਆ
ਕਿਰਤ
ਲੁਟਣ ਵਾਲਿਆ
ਮਜ਼ਲੂਮਾਂ ਨੂੰ
ਲੁਟਣ ਵਾਲਿਆ
ਨਾਲ
ਦੋ-ਹੱਥ
ਹੋਣ ਲਈ

ਗ਼ਜ਼ਲ

ਗੀਤ
ਅਤੇ
ਨਜ਼ਮ

ਦੀ
ਆਗੋਸ਼
ਵਿਚ
ਮੈਂ
ਪਨਾਹ
ਲੈ ਲਈ

ਗੀਤਾਂ
ਗ਼ਜ਼ਲਾਂ
ਅਤੇ
ਨਜ਼ਮਾਂ

ਦੇ
ਸਾਰੇ ਰੰਗ
ਮੈਂ
ਆਪਣੀ
ਕਲਮ ਨੂੰ
ਸਮਰਪਤ
ਕਰ ਦਿੱਤੇ

ਅਤੇ
ਇਕ
ਵਿੱਥ
ਤੇ ਖਲੋ ਕੇ
ਮੈਂ ਮਹਿਸੂਸਦਾ ਰਿਹਾ
ਇਹਨਾਂ
ਰੰਗਾਂ ਦੀ
ਛਾਪ

ਮੈਂ
ਮਹਿਸੂਸ ਕੀਤਾ
ਕਿ
ਹਰ ਰੰਗ ਦੀ
ਆਪਣੀ
ਪਹਿਚਾਣ ਹੀ
ਉਸ ਦੀ
ਸੁੰਦਰਤਾ
ਉਜਾਗਰ
ਕਰ ਸਕਦੀ ਹੈ





ਜਿਸ ਵੀ
ਵਿਧਾ ਵਿਚ
ਜੋ ਰੰਗ
ਖ਼ੂਬਸੂਰਤੀ ਨਾਲ
ਉਘੜ
ਸਕਦਾ ਸੀ
ਭਰਪੂਰ
ਯਤਨ ਕੀਤਾ
ਮੈਂ
ਉਸਨੂੰ
ਰੂਪਮਾਨ
ਕਰਨ ਲਈ

ਇਸ ਲਈ
ਮੈਂ
ਕੁਝ
ਪਹਿਲੀਆਂ
ਪੁਸਤਕਾਂ ਵਿਚੋਂ
ਅਤੇ
ਕੁਝ
ਨਵੀਆਂ
ਨਜ਼ਮਾਂ
ਦੇ ਰੰਗ
ਲੈ ਕੇ
ਤੁਹਾਡੀ
ਕਚਿਹਰੀ
ਵਿਚ

ਹਾਜ਼ਿਰ
ਹੋਇਆ ਹਾਂ

ਤੁਸੀਂ
ਇਸ
ਪੁਸਤਕ ਦੇ
ਰੰਗ ਵਿਚ
ਰੰਗੇ ਹੋਏ
ਕਿਸ ਤਰ੍ਹਾਂ
ਮਹਿਸੂਸ ਕੀਤਾ

ਮੈਂ ਜਾਨਣਾ ਚਾਹਾਂਗਾ
ਮੈਂ ਅਵੱਸ਼
ਜਾਨਣਾ
ਚਾਹੁੰਦਾ ਹਾਂ
ਬੜੀ ਹੀ
ਤੀਬਰਤਾ ਨਾਲ

